SATJUG
1920 ਤੋਂ ਸਾਲ 99 ਵਾਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਭਾਦਰੋਂ ਤੋਂ ੧੪ ਅੱਸੂ ੨੦੭੬
1 To 30 Sep. 2019

ਜਿਲਦ 27
ਨੰਬਰ 15
Total Pages 56



ਸ੍ਰੀ ਸਤਿਗੁਰੂ ਉਦੇ ਸਿੰਘ ਜੀ
ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਥਾਈਲੈਂਡ

ਵਿਦੇਸ਼ ਦੌਰਾ ਵਿਸ਼ੇਸ਼ ਅੰਕ

Sri Satguru Jagjit Singh Ji Elibrary NamdhariElibrary@gmail.com

ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥



ਸਤਿਜੁਗ

੧੬ ਭਾਦਰੋਂ ਤੋਂ ੧੪ ਅੱਸੂ ੨੦੭੬ ਬਿ.

1 ਤੋਂ 30 ਸਪਤੰਬਰ 2019 ਈ:

ਜਿਲਦ 27, ਵੀਰਵਾਰ ਨੰਬਰ 15

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 9-10-2019,
Date of Posting: 10-11 Oct. 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

Designed and Typeset by Hakam Singh
Vishav Namdhari Sangat, Sri Bhaini Sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201

ਤਤਕਰਾ

* ਸੰਪਾਦਕੀ-- ਜਹ ਜਹ ਕਾਜ ਕਿਰਤਿ ਸੇਵਕ ਕੀ...
ਹਰਪਾਲ ਸਿੰਘ ਸੇਵਕ.....................................4

* ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ, ਕੈਨੇਡਾ ਦੌਰਾ
(4 ਜੁਲਾਈ ਤੋਂ 17 ਜੁਲਾਈ 2019)
ਹਰਪਾਲ ਸਿੰਘ ਸੇਵਕ 6

* ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਬੰਕੋਕ ਦੌਰਾ
(1 ਅਗਸਤ ਤੋਂ 7 ਅਗਸਤ 2019)
ਹਰਪਾਲ ਸਿੰਘ ਸੋਧੀ 34

* Sri Satguru Uday Singh ji's U.K. Dhaura
(1 to 30 August 2019)
Dr. Gurmukh Singh Raja 40

* ਆਯੁਰਵੇਦ ਅਨੁਸਾਰ ਸਿਹਤਮੰਦ ਰਹਿਣ ਦੇ ਉਪਾਅ
ਡਾ. ਕਮਲਜੀਤ ਕੌਰ ਕੂਕਾ 45

ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਜਿੱਥੇ-ਜਿੱਥੇ ਵੀ ਨਾਮਧਾਰੀ ਸਿੱਖ ਵੱਸਦੇ ਹਨ, ਸਿਤੰਬਰ-ਅਕਤੂਬਰ ਵਿੱਚ ਨਾਮ-ਸਿਮਰਨ ਜਪ-ਪ੍ਰਯੋਗ ਚੱਲ ਰਿਹਾ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਦਕਾ ਹਜ਼ਾਰਾਂ ਨਾਮਧਾਰੀ ਸਿੱਖ ਬਾਲ, ਬਿਰਧ ਅਤੇ ਨੌਜੁਆਨ ਮਹੀਨੇ ਭਰ ਵਿੱਚ ਲੱਖਾਂ ਘੰਟੇ ਨਾਮ ਦਾ ਜਾਪ ਕਰਦੇ ਹਨ।

ਅਗਲੇ ਅੰਕ ਵਿੱਚ ਜਪ-ਪ੍ਰਯੋਗਾਂ ਦਾ ਵੇਰਵਾ ਦਿੱਤਾ ਜਾਵੇਗਾ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ: (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਜਹ ਜਹ ਕਾਜ ਕਿਰਤਿ ਸੇਵਕ ਕੀ....

ਗੁਰੂ ਆਪਣੇ ਸਿੱਖਾਂ ਦੀ ਉਸੇ ਤਰ੍ਹਾਂ ਪ੍ਰਤਿਪਾਲਣਾ ਕਰਦਾ ਹੈ ਜਿਵੇਂ ਕਿਸਾਨ ਆਪਣੀ ਖੇਤੀ ਦੀ ਸੰਭਾਲ ਕਰਦਾ ਹੈ, ਮਾਤਾ ਪਿਤਾ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਨ।

ਕਿਰਸਾਨੀ ਜਿਉ ਰਾਖੈ ਰਖਵਾਲਾ॥ ਮਾਤ ਪਿਤਾ ਦਇਆ ਜਿਉ ਬਾਲਾ॥

ਸੂਰਜ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਜੀ ਦਸਮ ਪਾਤਸ਼ਾਹ ਦਾ ਬਚਨ ਲਿਖਦੇ ਹਨ

ਪੰਥ ਖਾਲਸਾ ਖੇਤੀ ਮੇਰੀ। ਕਰਹੁੰ ਸੰਭਾਲਨ ਮੈਂ ਤਿਸ ਬੇਰੀ।

ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਹਰਵੀਂ ਵਿੱਚ ਲਿਖਦੇ ਹਨ ਕਿ ਸਤਿਗੁਰੂ ਸੱਚੇ ਪਾਤਸ਼ਾਹ ਸਿੱਖੀ ਬਾਗ਼ ਦੇ ਸਿਰਜਨਹਾਰ ਹਨ, ਮਾਲਕ ਵੀ ਹਨ ਅਤੇ ਪਾਲਕ ਵੀ ,ਅਤੇ ਪੰਥ ਸਤਿਗੁਰਾਂ ਦਾ ਗ਼ੁਲਾਬ ਦੀ ਮਾਨਿੰਦ ਹੈ ਜੋ ਸੁੰਦਰ ਹੈ , ਸੁਗੰਧਿਤ ਹੈ ਅਤੇ ਕਲਿਆਣਕਾਰੀ ਵੀ ਹੈ-

ਵਾਲੀ, ਮਾਲੀ ਬਾਗ਼ ਕੇ, ਪੰਥ ਗ਼ੁਲਾਬ ਰਵੇਲ।

ਸਤਿਗੁਰੂ ਨਾਨਕ ਦੇਵ ਜੀ ਨੇ ਐਸੀ ਸਿੱਖੀ ਫੁਲਵਾੜੀ ਦੀ ਸਿਰਜਨਾ ਕੀਤੀ ਜਿਸ ਵਿਚੋਂ ਸੇਵਾ, ਸਿਮਰਨ, ਪ੍ਰੇਮ, ਭਗਤੀ, ਪਰਉਪਕਾਰ ਅਤੇ ਸਦਭਾਵਨਾ ਦੀਆਂ ਮਹਿਕਾਂ ਆਉਂਦੀਆਂ ਹਨ । ਸਿੱਖ ਆਪਣੇ ਸਤਿਗੁਰੂ ਦੀ ਛਤਰ ਛਾਇਆ ਹੇਠ ਲੋਕ ਪਰਲੋਕ ਦੇ ਸੁਖ ਮਾਣਦਾ ਹੈ-

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

ਸਾਹਿਬ ਦਸਮ ਪਾਤਸ਼ਾਹ, ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਿਆਂ ਲਿਖਦੇ ਹਨ-

ਤਿਨ ਬੇਦੀਅਨ ਕੀ ਕੁਲ ਬਿਖੇ, ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦਏ, ਜਹ ਤਹ ਭਏ ਸਹਾਇ।।

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਰੂਪੀ ਫੁੱਲਵਾੜੀ ਦੀ ਸਿਰਜਨਾ ਕਰਨ ਵੇਲੇ ਚਾਰੋ ਦਿਸ਼ਾਵਾਂ ਵਿੱਚ ਦੂਰ ਦੁਰਾਡੇ ਤਕ ਉਦਾਸੀਆਂ ਕੀਤੀਆਂ । ਨਾਮ, ਬਾਣੀ ਅਤੇ ਕੀਰਤਨ ਦੇ ਬੀਜ ਬੀਜਕੇ ਧਰਮ ਦਾ ਸ਼ੁੱਧ ਸਰੂਪ ਕਾਇਮ ਕੀਤਾ। ਲੋਕਾਈ ਦੇ ਕਲਿਆਣ ਹਿੱਤ

'ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
.... ਚੜ੍ਹਿਆ ਸੋਧਣ ਧਰਤ ਲੋਕਾਈ।'

ਸਤਿਗੁਰੂ ਉਹ ਤੀਰਥ ਹੈ ਜੋ ਜੀਵਾਂ ਦੇ ਕਲਿਆਣ ਵਾਸਤੇ ਆਪ ਚੱਲਕੇ ਉਨ੍ਹਾਂ ਪਾਸ ਜਾਂਦਾ ਹੈ। ਐਸੇ ਸਤਿਗੁਰੂ ਦੀ ਸੋਭਾ ਗੁਰਬਾਣੀ ਵਿੱਚ ਅੰਕਿਤ ਹੈ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਸਤਿਗੁਰੂ ਨਾਨਕ ਦੇਵ ਅਤੇ ਆਪਦੇ ਸਾਰੇ ਹੀ ਜ਼ਾ-ਨਸ਼ੀਨ ਸਤਿਗੁਰੂ ਸਾਹਿਬਾਨ ਅਣਥੱਕ ਯਾਤਰੀ ਹਨ, ਹਜ਼ਾਰਾਂ ਮੀਲ ਪੈਂਡਾ ਤਹਿ ਕਰਕੇ ਸਿੱਖਾਂ ਨੂੰ ਨਿਵਾਜ਼ਣਾ ਜਿਨ੍ਹਾਂ ਦਾ ਬਿਰਦ ਹੈ। ਸਮੇਂ ਦੇ ਸਾਧਨਾਂ ਅਨੁਸਾਰ ਕਦੇ ਪੈਦਲ, ਕਦੇ ਘੋੜਿਆਂ ਤੇ ਅਤੇ ਹੁਣ ਕਾਰਾਂ,ਰੇਲਾਂ ਅਤੇ ਜਹਾਜਾਂ ਆਦਿ ਤੇ ਦੌਰੇ ਹੁੰਦੇ ਹਨ। ਸਤਿਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਤਿਗੁਰੂ ਤੇਗ ਬਹਾਦੁਰ ਜੀ ਸਿੱਖੀ ਪ੍ਰਚਾਰ ਹਿੱਤ ਅਸਾਮ ਤੱਕ ਦੌਰੇ ਕੀਤੇ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਨੂੰ ਉੱਤਰੀ ਭਾਰਤ ਤੋਂ ਦੱਖਣੀ ਭਾਰਤ ਤੱਕ ਫੈਲਾਇਆ। 'ਅਨਿਕ ਦੇਸ ਬਿਪਰੈਚ ਸਿਧਾਵੈ॥' ਸੌ ਸਾਖੀ ਦੇ ਭਵਿੱਖਤ ਵਾਕਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ਾਂ ਦੀ ਧਰਤੀ ਨੂੰ ਤਾਰਨ ਲਈ ਪਰਦੇਸ ਗਵਨ ਕੀਤਾ।ਉਸ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਥਾਈਲੈਂਡ, ਅਫਰੀਕਾ ਅਤੇ ਸਿੰਘਾਪੁਰ ਆਦਿ ਦੇਸ਼ਾਂ ਦੇ ਦੌਰੇ ਕਰਕੇ ਲੋਕਾਂ ਨੂੰ ਮਾਸ- ਸ਼ਰਾਬ ਆਦਿ ਛੁਡਵਾ ਕੇ ਨਾਮ ਅਤੇ ਬਾਣੀ ਨਾਲ ਜੋੜਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਪੰਜਾਂ ਮਹਾਂ ਦੀਪਾਂ ਤਕ ਸਿੱਖੀ ਦਾ ਪ੍ਰਚਾਰ ਪ੍ਰਸਾਰ ਹੋਇਆ। ਯੂਰਪ, ਅਮਰੀਕਾ, ਆਸਟ੍ਰੇਲੀਆ ਆਦਿ ਮਹਾਦੀਪਾਂ ਵਿੱਚ ਤਾਂ ਆਪ ਜੀ ਦੇ ਸਮੇਂ ਵਿੱਚ ਹੀ ਸਿੱਖੀ ਫੈਲੀ। ਜਿੱਥੇ ਕਿਤੇ ਕੋਈ ਸਿੱਖ ਕੱਲਾ - ਦੁੱਕਲਾ ਵੀ ਵੱਸਦਾ ਸੀ ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਖਰਚ ਖੇਚਲ ਕਰਕੇ ਉਸਨੂੰ ਨਿਵਾਜਣ ਦੀ ਕਿਰਪਾ ਕਰਦੇ ਸਨ। ਜਿੱਥੇ ਵਿਦੇਸ਼ਾਂ ਵਿੱਚ ਦੌਰਿਆਂ ਸਮੇਂ ਆਪ ਜੀ ਮਹੱਲਾਂ ਵਰਗੇ ਘਰਾਂ ਵਿੱਚ ਨਿਵਾਸ ਕਰਦੇ ਉੱਥੇ ਦੇਸ਼ ਦੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਵਿੱਚ ਆਪ ਕੱਚੇ ਕਮਰਿਆਂ ਵਿੱਚ ਰਹਿੰਦਿਆਂ ਵੀ ਉਸੇ ਤਰਾਂ ਹੀ ਸਹਿਜ ਹੁੰਦੇ ਅਤੇ ਖੁਸ਼ੀ ਮਹਿਸੂਸ ਕਰਦੇ।

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ।।

ਆਪ ਜੀ ਦੇ ਵਾਰ ਵਾਰ ਦੌਰੇ ਕਰਨ ਸਦਕਾ ਹੀ ਨਾਮਧਾਰੀ ਸਿੱਖਾਂ ਵਿਚ ਸਾਬਤ-ਸੂਰਤ ਸਿੱਖੀ ਸਰੂਪ ਕਾਇਮ ਹੈ। ਬੇਸ਼ੱਕ ਸਿੱਖ ਪੰਥ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਹਨ, ਇਸ ਸਿੱਖੀ ਨੂੰ ਖਾਲਸ ਰੂਪ, ਨਿਆਰੀ ਪਹਿਚਾਨ ਬਖਸ਼ੀ ਦਸਮ ਪਾਤਸ਼ਾਹ ਨੇ ਅਤੇ ਉਨ੍ਹੀਂਵੀਂ ਸਦੀ ਵਿਚ ਜਦੋਂ ਸਿੱਖੀ ਬਾਗ ਤੇ ਆਈ ਖ਼ਿਜ਼ਾ ਸਮੇਂ ਸਤਿਗੁਰੂ ਰਾਮ ਸਿੰਘ ਜੀ ਬਸੰਤ ਬਹਾਰ ਬਣ ਪ੍ਰਗਟੇ। ਸਤਿਗੁਰੂ ਹਰੀ ਸਿੰਘ ਜੀ ਅੰਗਰੇਜ਼ ਸਰਕਾਰ ਦੇ ਦਮਨ ਚੱਕਰ ਸਮੇਂ ਸਿੱਖੀ ਫੁਲਵਾੜੀ ਨੂੰ ਹਰੀ ਭਰੀ ਰੱਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਬਾਣੀ ਅਤੇ ਸੁੱਚ-ਸੋਧ ਦਾ ਪ੍ਰਵਾਹ ਚਲਾ ਕੇ ਪੰਥ ਦੀ ਸ਼ਾਨ ਨੂੰ ਮੁੜ ਬੁਲੰਦੀਆਂ ਤੇ ਪਹੁੰਚਾਇਆ। ਗੁਰਬਾਣੀ ਦੇ ਅਖੰਡ ਪਾਠ, ਲੱਖਾਂ ਸਾਧਾਰਨ ਪਾਠ ਕਰਵਾਏ। ਨਾਮ ਸਿਮਰਨ ਜਪ ਪ੍ਰਯੋਗ ਅਤੇ ਅਖੰਡ ਵਰਨੀਆਂ ਸ਼ੁਰੂ ਕੀਤੀਆਂ। ਪਰ ਅੱਜ ਜੇ ਨਾਮਧਾਰੀ ਸਮਾਜ ਵਿਚ ਖਾਲਸਾਈ ਰਹਿਤ ਮਰਿਯਾਦਾ, ਗੁਰਮਤਿ ਪਰੰਪਰਾਵਾਂ, ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਹੈ ਤਾਂ ਇਹ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੱਧੀ ਸਦੀ ਤੋਂ ਵੱਧ ਸਮੇਂ ਦੀ ਕਠਿਨ ਘਾਲਨਾ ਸਦਕਾ ਹੀ ਹੈ। ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿਚ ਕੋਈ ਜਗ੍ਹਾ ਐਸੀ ਨਹੀਂ ਹੋਵੇਗੀ ਜਿਥੇ ਨਾਮਧਾਰੀ ਸਿੱਖ ਵਸਦੇ ਹੋਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੌਰੇ ਨਾ ਕੀਤੇ ਹੋਣ ਜਾਂ ਕੋਈ ਸਿੱਖ ਦਾ ਘਰ ਐਸਾ ਨਹੀਂ ਹੋਵੇਗਾ ਜਿਸ ਘਰ ਆਪ ਜੀ ਨੇ ਚਰਨ ਨਾ ਪਾਏ ਹੋਣ। ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ-ਡੋਰ ਸੰਭਾਲੀ। ਬਹੁਤ ਤੇਜ਼ੀ ਨਾਲ ਬਦਲ ਰਹੇ ਸਮੇਂ ਵਿਚ ਨਵੀਂ ਪੀੜ੍ਹੀ ਨੂੰ ਧਰਮ ਨਾਲ, ਸਿੱਖੀ ਨਾਲ ਜੋੜੀ ਰੱਖਣਾ ਵਿਸ਼ੇਸ਼ ਕਰਕੇ ਵਿਦੇਸ਼ਾਂ ਵਿਚ ਵੱਸਦੇ ਨੌਜੁਆਨ, ਸਿੱਖੀ ਸਰੂਪ ਵਿਚ ਕਾਇਮ ਰਹਿਣ, ਇਕ ਚੁਣੌਤੀ ਬਣਦਾ ਜਾ ਰਿਹਾ ਹੈ। ਅਜੇਹੇ ਦੌਰ ਵਿੱਚ ਸਤਿਗੁਰੂ ਉਦੇ ਸਿੰਘ ਜੀ ਦੇਸ਼ ਭਰ ਵਿਚ ਤਾਂ ਕਿਰਪਾ ਕਰਦੇ ਹੀ ਹਨ, ਹਰ ਵਰ੍ਹੇ ਵਿਦੇਸ਼ ਦੌਰੇ ਵੀ ਕਰਦੇ ਹਨ। ਬੱਚਿਆਂ ਦੇ ਪੱਧਰ ਤੇ ਉੱਤਰ ਕੇ ਉਨ੍ਹਾਂ ਨੂੰ ਅਜੋਕੇ ਦੌਰ ਵਿਚ ਸਿੱਖੀ ਦਾ ਮਹੱਤਵ ਸਮਝਾਉਂਦੇ ਹਨ। ਪਿਛਲੇ ਵਰ੍ਹੇ ਤੋਂ ਆਪ ਜੀ ਨੇ ਹਰ ਜਗ੍ਹਾ ਸ਼ੁੱਧ ਗੁਰਬਾਣੀ ਪਾਠ ਸਿਖਲਾਈ ਕਲਾਸਾਂ ਸ਼ੁਰੂ ਕਰਵਾਈਆਂ ਹਨ। ਆਪ ਜੀ ਜਿੱਥੇ ਨਵੀਂ ਪੀੜੀ ਨੂੰ ਵਿਦਿਆ, ਖੇਡਾਂ, ਸਾਹਿਤ, ਸੰਗੀਤ ਅਤੇ ਵਿਹਾਰਕ ਖੇਤਰ ਵਿਚ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਹਨ ਉਥੇ ਨਾਮ-ਬਾਣੀ ਅਤੇ ਗੁਰਮਤਿ ਜੀਵਨ ਜਾਚ ਵੀ ਦ੍ਰਿੜਾਉਂਦੇ ਹਨ।- ਸਤਿਜੁਗ ਦਾ ਇਹ ਅੰਕ ਵਿਦੇਸ਼ ਦੌਰਾ ਵਿਸ਼ੇਸ਼ ਅੰਕ ਹੈ ਜਿਸ ਵਿਚ ਸੰਗਤਾਂ ਨੂੰ 4 ਤੋਂ 16 ਜੁਲਾਈ 2019 ਅਮਰੀਕਾ, ਕੈਨੇਡਾ ਦੌਰਾ ਅਤੇ 1 ਤੋਂ 7 ਅਗਸਤ 2019 ਥਾਈਲੈਂਡ ਦੌਰੇ ਸਮੇਂ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਅਤੇ ਵਿਦੇਸ਼ਾਂ ਵਿਚ ਪ੍ਰਫੁੱਲਿਤ ਹੋ ਰਹੀ ਸਿੱਖੀ ਦੇ ਦਰਸ਼ਨ ਹੋਣਗੇ।

- ਹਰਪਾਲ ਸਿੰਘ ਸੇਵਕ,
ਸ੍ਰੀ ਭੈਣੀ ਸਾਹਿਬ
ਸੰਪ: 94176-01321

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ- ਕੈਨੇਡਾ ਦੌਰਾ
(4 ਜੁਲਾਈ ਤੋਂ 17 ਜੁਲਾਈ 2019)

ਰਚ-ਹਰਪਾਲ ਸਿੰਘ ਸੇਵਕ

ਸਿੱਖਾਂ-ਸੇਵਕਾਂ ਦੀ ਅਰਜ਼ ਪ੍ਰਵਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ਅਮਰੀਕਾ ਕੈਨੇਡਾ ਦੀਆਂ ਸੰਗਤਾਂ ਨੂੰ ਨਿਵਾਜਨ ਦੀ ਕਿਰਪਾ ਕੀਤੀ। 4 ਜੁਲਾਈ ਰਾਤ 9 ਵਜੇ ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ ਨਿਊਯਾਰਕ ਏਅਰਪੋਰਟ ਪੁੱਜੇ। ਨਿਊਯਾਰਕ ਦੀਆਂ ਸੰਗਤਾਂ ਨੇ ਫੁੱਲਾਂ ਦੇ ਹਾਰ ਅਤੇ ਸੁੰਦਰ ਬੁੱਕੇ ਭੇਂਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ। ਗਰੀਬ ਨਿਵਾਜ ਨੇ ਸਭ ਨੂੰ ਸੁੱਖ-ਸਾਂਦ ਪੁੱਛੀ, ਖੁਸ਼ੀਆਂ ਬਖਸ਼ੀਆਂ। ਏਅਰਪੋਰਟ ਤੋਂ ਗੱਡੀਆਂ ਦਾ ਕਾਫ਼ਲਾ ਨਿਊਯਾਰਕ ਪੁੱਜਾ, ਡੇਰੇ (ਸੁਖਦੇਵ ਸਿੰਘ ਦੇ ਗ੍ਰਹਿ ਵਿਖੇ) ਪੁੱਜਣ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਅਤੇ ਫੁੱਲਾਂ ਦੁਆਰਾ ਗੁਰ-ਅਭਿਨੰਦਨ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਸੋਫੇ ਤੇ ਵਿਛੇ ਸਫੈਦ ਆਸਣ ਤੇ ਬਿਰਾਜਮਾਨ ਹੋਏ। ਸਭ ਸੰਗਤ ਨੇ ਚਰਨ ਪਰਸੇ। ਅੱਜ ਦੁਪਹਿਰੇ ਹੀ ਭਾਰਤ ਤੋਂ ਸੇਵਕ ਕਰਤਾਰ ਸਿੰਘ, ਹਰਪਾਲ ਸਿੰਘ ਸੇਵਕ, ਗੁਰਮੁਖ ਸਿੰਘ ਕੁੱਲੂ, ਅਤੇ ਕਾਕਾ ਸੰਤਾ ਸਿੰਘ ਪੁੱਜੇ। ਇੱਕ ਹੋਰ ਫਲਾਈਟ ਤੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਥਾਈਲੈਂਡ ਤੋਂ ਆਏ।

5 ਜੁਲਾਈ ਸ਼ੁੱਕਰਵਾਰ- ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ (ਨਿਊਯਾਰਕ) ਵਿਖੇ ਹਜ਼ੂਰੀ ਰਾਗੀ (ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ) ਸੋਨੂੰ ਨੇ ਕੀਤਾ। ਸ਼ੇਰ ਸਿੰਘ ਜੀ, ਸਤਵੰਤ ਸਿੰਘ ਅਤੇ ਟੋਰਾਂਟੋ ਤੋਂ ਆਏ ਰਤਨ ਸਿੰਘ ਸਪੁੱਤਰ ਮਸਤਾਨਾ ਰੇਸ਼ਮ ਸਿੰਘ ਨੇ ਤਾਰ ਸ਼ਹਿਨਾਈ, ਗਾਇਨ ਅਤੇ ਵਾਦਨ ਦੁਆਰਾ ਕੀਰਤਨ ਸਮੇਂ ਸਾਥ ਦਿੱਤਾ। ਦੂਰੋਂ ਨੇੜਿਓਂ ਹੋਰ ਵੀ ਸੰਗਤਾਂ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਪੁੱਜੀਆਂ। ਸੈਨਫਰਾਂਸਿਸਕੋ ਤੋਂ ਅੰਮ੍ਰਿਤਪਾਲ ਸਿੰਘ ਜੀ ਕੱਲਾ, ਐਲ.ਏ ਤੋਂ ਬਲਵੰਤ ਸਿੰਘ ਚਾਨਾ, ਪਰਮਜੀਤ ਸਿੰਘ ਜੀ ਅਤੇ ਟੋਰਾਂਟੋਂ ਤੋਂ ਸੂਬਾ ਗੁਰਦਿਆਲ ਸਿੰਘ ਜੀ ਦਾ ਲੜਕਾ ਬੌਬੀ, ਗੁਰਮੁਖ ਸਿੰਘ ਅਤੇ ਰਤਨ ਸਿੰਘ ਆਏ। ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ਼ੁਭ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਵਾਜਿਆ:

ਸਦ-ਉਪਦੇਸ਼: ਸਾਧ ਸੰਗਤ ਜੀ, ਵਿਸ਼ੇਸ਼ ਕਰਕੇ ਨੌਜੁਆਨ ਅਤੇ ਬੱਚੇ ਜੋ ਪੰਜਾਬੀ ਸਮਝਦੇ ਨੇ, ਬੇਨਤੀ ਕਰਦਾ ਹਾਂ ਕਿ ਅੱਜ ਤੋਂ ਚਾਰ ਕੁ ਦਿਨਾਂ ਲਈ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਣਾ ਹੈ, ਇਸ ਬਹਾਨੇ ਸਾਧ-ਸੰਗਤ ਹੋ ਜਾਣੀ ਹੈ, ਸਵੇਰੇ ਸ਼ਾਮ ਦੋ-ਦੋ ਘੰਟੇ ਸਤਿਗੁਰੂ-ਸੱਚੇ ਪਾਤਸ਼ਾਹ ਦੇ ਪਰਉਪਕਾਰ ਯਾਦ ਕਰਨ ਦਾ ਮੌਕਾ ਮਿਲ ਜਾਣਾ ਹੈ। ਇਨਾਂ ਚਾਰ ਦਿਨਾਂ ਵਿੱਚ, ਆਪਾਂ ਕੀ ਪ੍ਰਾਪਤੀ ਕਰਨੀ ਹੈ? ਆਪਾਂ ਕੋਸ਼ਿਸ਼ ਕਰੀਏ ਕਿ ਪੰਜ-ਮਿੰਟ, ਦੋ ਮਿੰਟ, ਚਾਰ ਮਿੰਟ ਸੱਚੀਂ-ਮੁੱਚੀਂ ਸਾਡਾ ਮਨ ਲੱਗ ਜਾਵੇ। ਇਕ ਦੂਸਰੇ ਨੂੰ ਪੁੱਛ ਲਵੋ, ਮੈਨੂੰ ਵੀ ਪੁੱਛ ਸਕਦੇ ਹੋ ਕਿ ਅਸੀਂ ਮਨ ਲਾਉਣ ਦੀ ਕੋਸ਼ਿਸ਼ ਕਿਸ ਤਰ੍ਹਾਂ ਕਰੀਏ। ਆਪਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਸੁਣਦੇ ਹਾਂ, ਮਨ ਟਿਕਾਉਣ ਵਾਸਤੇ ਵੀ ਬਹੁਤ ਬਚਨ ਕੀਤੇ ਨੇ, ਬੜੇ ਰਸਤੇ ਨੇ। ਇਨ੍ਹਾਂ ਦਿਨਾਂ ਵਿੱਚ ਇਹ ਕੋਸ਼ਿਸ਼ ਕਰੀਏ, ਸਾਨੂੰ ਜਾਪੇ ਕਿ ਅੱਜ ਮਨ ਬਹੁਤ ਵਧੀਆ ਬਣਿਆ ਹੈ, ਅੱਜ ਆਸਾ ਦੀ ਵਾਰ ਦਾ ਬੜਾ ਅਨੰਦ ਆਇਆ ਹੈ। ਮੈਂ ਸ਼ੁਰੂ ਵਿੱਚ ਇਸ ਕਰਕੇ ਆਖ ਰਿਹਾ ਹਾਂ ਕਿ ਇੱਕ ਰਸਮ ਸਮਝ ਕੇ ਜਾਂ ਮਜਬੂਰੀ ਸਮਝ ਕੇ ਆ ਗਏ, ਚਲੇ ਗਏ। ਅਸੀਂ ਵੀ ਏਨੀਂ ਦੂਰੋਂ ਆਉਂਦੇ ਹਾਂ ਤੁਸੀਂ ਵੀ ਕੰਮ ਛੱਡ ਕੇ ਆਉਂਦੇ ਹੋ, ਖਰਚਾ ਕਰਦੇ ਹੋ, ਕਿਰਪਾ ਤਾਂ ਸੱਚੇ ਪਾਤਸ਼ਾਹ ਕਰਨੀ ਹੈ, ਪਰ ਆਪਾਂ ਕੋਸ਼ਿਸ਼ ਕਰਨੀ ਹੈ, ਜੇ ਸੱਚੇ ਪਾਤਸ਼ਾਹ ਨੇ ਸਾਨੂੰ ਮਨੁੱਖਾ ਜਨਮ ਦਿੱਤਾ ਹੈ, ਸਿੱਖੀ ਦਿੱਤੀ ਹੈ ਤਾਂ ਇਹ ਵਿਚਾਰ ਕਰਨੀ, ਮਿਹਨਤ ਕਰਨੀ ਆਪਣਾ ਫਰਜ਼ ਬਣਦਾ ਹੈ। ਕੋਸ਼ਿਸ਼ ਕਰੀਏ ਕਿ ਜੇ ਅਸੀਂ ਏਥੇ ਆਉਂਦੇ ਹਾਂ, ਚਾਅ ਨਾਲ ਆਈਏ, ਮਨੋ ਆਈਏ, ਕੋਸ਼ਿਸ਼ ਕਰੀਏ ਕਿ ਮਨ ਲੱਗੇ ਅਤੇ ਸਾਰਾ ਦਿਨ ਬਹੁਤ ਵਧੀਆ ਬਣਿਆ ਰਹੇ। ਮਨ ਚੰਗਾ ਬਣਾਉਣ ਲਈ ਕੁਝ ਗੱਲਾਂ ਕਰੀਏ, ਕੁਝ ਅਵਾਇਡ (ਪਰਹੇਜ਼) ਕਰੀਏ। ਗੱਲਾਂ ਕਰੀਏ ਇਹ ਕਿ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦੀ ਸਿਫਤ ਕਰੀਏ, ਬੇਸ਼ੱਕ ਕਿਸੇ ਵੀ ਰੂਪ ਵਿੱਚ ਕਰੀਏ। ਭਾਂਵੇਂ ਸਤਿਗੁਰੂ ਨਾਨਕ ਦੀ, ਸਤਿਗੁਰੂ ਰਾਮ ਸਿੰਘ ਦੀ ਸਿਫਤ-ਸਲਾਹ ਕਰਦੇ ਹੋ,

ਉਹ ਉਸਤਤਿ ਤੇ ਪਰਮੇਸ਼ਰ ਦੀ ਹੈ। ਅਸੀਂ ਗੁਰੂ-ਜੱਸ ਕਰਾਂਗੇ ਤਾਂ ਸਾਡਾ ਮਨ ਚੰਗਾ ਬਣੇਗਾ। ਅਵਾਇਡ ਕਰੀਏ, ਨਿੰਦਿਆ ਨਾ ਕਰੀਏ, ਈਰਖਾ ਮਨ ਵਿੱਚੋਂ ਕੱਢ ਲਈਏ। ਏਨ੍ਹਾਂ ਚੀਜ਼ਾਂ ਨਾਲ ਫਰਕ ਪੈ ਜਾਂਦਾ ਹੈ। ਇਹ ਚਾਰ ਦਿਨਾਂ ਨੂੰ ਅਸੀਂ ਟਰੇਨਿੰਗ ਦੇ ਰੂਪ ਵਿਚ ਵੇਖੀਏ। ਏਥੇ ਆਸਾ ਦੀ ਵਾਰ ਸੁਣਦੇ ਹਾਂ, ਕਈ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ ਪਰ ਜਿਸਨੂੰ ਕੋਈ ਸ਼ਬਦ ਬਹੁਤ ਚੰਗਾ ਲੱਗਦਾ ਹੈ, ਉਹ ਇੱਕ ਦੂਸਰੇ ਨਾਲ ਸਾਂਝਾ ਕਰ ਲਈਏ, ਉਸਦਾ ਭਾਵ ਸਮਝਣ ਦੀ ਕੋਸ਼ਿਸ਼ ਕਰੀਏ। ਆਪਾਂ ਨੂੰ ਸੰਗੀਤ ਬਹੁਤ ਚੰਗਾ ਲੱਗਦਾ ਹੈ ਪਰ ਉਸ ਵਿੱਚ ਸਭ ਤੋਂ ਉੱਚੀ ਚੀਜ਼ ਧੁਰੋਂ ਆਈ ਗੁਰਬਾਣੀ ਹੈ। ਇਸ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ, ਕਿਉਂਕਿ ਸਿੱਖੀ ਦਾ ਸਾਰਾਂਸ਼ ਗੁਰਬਾਣੀ ਵਿੱਚ ਹੈ, ਸਿੱਖੀ ਕੀ ਹੈ, ਕਿਸ ਰਸਤੇ ਤੇ ਤੁਰਨਾ ਹੈ? ਉਹ ਗੁਰਬਾਣੀ ਸਮਝਣ ਤੋਂ ਬਿਨਾਂ ਪਤਾ ਨਹੀਂ ਲੱਗਦਾ। ਜੇ ਗੁਰਬਾਣੀ ਸਮਝ ਆਉਂਦੀ ਹੈ ਤਾਂ ਫਿਰ ਵੇਖਣਾ ਹੈ ਕਿ ਮੈਂ ਉਸ ਤੇ ਕਿੰਨਾਂ ਕੁ ਚੱਲ ਸਕਦਾ ਹਾਂ।

ਇਹ ਤਿੰਨ ਚਾਰ ਦਿਨ ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਲਈ ਇਕੱਠੇ ਹੋਣਾ ਹੈ। ਏਥੇ ਇਕੱਠੇ ਹੋਣ ਦਾ ਸਤਿਸੰਗ ਕਰਨ ਦਾ ਮੰਤਵ ਇਹ ਹੈ ਕਿ ਜਿਹੜੀ ਸਿੱਖੀ ਸਤਿਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦਿੱਤੀ ਹੋਈ ਹੈ। ਉਸ ਅਨੁਸਾਰ ਅਸੀਂ ਕਿਸੇ ਧਰਮ ਨੂੰ ਮਾੜਾ ਨਹੀਂ ਕਹਿੰਦੇ, ਜੇ ਅਸੀਂ ਕਿਸੇ ਦੇ ਧਰਮ ਨੂੰ ਮਾੜਾ ਕਹਿੰਦੇ ਹਾਂ ਤਾਂ ਸਿੱਖੀ ਤੋਂ ਗਲਤ ਹੋ ਜਾਂਦੇ ਹਾਂ, ਕਿਉਂਕਿ ਸਤਿਗੁਰੂ ਨਾਨਕ ਨੇ ਕਿਸੇ ਨੂੰ ਮਾੜਾ ਆਖਣਾ ਸਾਨੂੰ ਸਿਖਾਇਆ ਹੀ ਨਹੀਂ। ਧਰਮਾਂ ਵਿੱਚ ਲੜਾਈ ਅਤੇ, ਵਖਰੇਵੇਂ ਦੀਆਂ ਪਈਆਂ ਲੀਕਾਂ ਨੂੰ ਮਿਟਾ ਕੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਨੀਂਹ ਰੱਖੀ ਹੈ। ਇਹ ਵਿਚਾਰ ਕਰਦਿਆਂ ਸਾਨੂੰ ਸਿੱਖ ਹੋਣ ਤੇ ਮਾਣ ਮਹਿਸੂਸ ਹੋਣ ਲੱਗ ਜਾਵੇ। ਸਮਾਜ ਵਿੱਚ ਵਿਚਰਦਿਆਂ ਜੇ ਕੋਈ ਸਾਨੂੰ ਮਖੌਲ ਕਰੇ ਕਿ ਐਹ ਕੀ ਬਣਿਆ ਹੈਂ, ਦਾੜ੍ਹੀ ਵਧਾਈ ਹੈ, ਕੱਪੜੇ ਕਿਵੇਂ ਦੇ ਪਾਏ ਹਨ, ਪੱਗ ਬੰਨ੍ਹੀ ਫਿਰਦਾ ਹੈਂ। ਪਰ ਜੇ ਅਸੀਂ ਸਮਝਾਂਗੇ ਕਿ ਸੱਚ ਦਾ, ਸ਼ਾਂਤੀ ਦਾ ਰਸਤਾ ਤੇ ਇਹੋ ਹੀ ਹੈ, ਸੁੱਖ ਲੈਣ ਦਾ ਰਸਤਾ ਇਹੋ ਹੀ ਹੈ, ਮੈਨੂੰ ਸਿੱਖ ਹੋਣ ਤੇ ਮਾਣ ਮਹਿਸੂਸ ਹੋਵੇਗਾ ਤੇ ਫੇਰ ਅਸੀਂ ਡੋਲਾਂਗੇ ਨਹੀਂ। ਇਹ ਚਾਰ ਦਿਨਾਂ ਨੂੰ ਆਪਾਂ ਇਸ ਅਭਿਆਸ ਲਈ ਵਰਤੀਏ, ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਿਆ ਕਰਦੇ ਸੀ ਕਿ ਸਾਡਾ ਜੀਅ ਕਰਦਾ ਹੈ ਕਿ ਮੇਰੇ ਨਾਲੋਂ ਜ਼ਿਆਦਾ ਮੇਰੇ ਬੱਚਿਆਂ ਕੋਲ ਪੈਸਾ ਹੋਵੇ। ਮੇਰੇ ਨਾਲੋਂ ਜ਼ਿਆਦਾ ਮੇਰੇ ਬੱਚੇ ਪੜ੍ਹਨ ਪਰ ਸਭ ਤੋਂ ਉੱਪਰ ਹੈ ਕਿ ਸਾਡੇ ਬੱਚੇ ਸਾਡੇ ਤੋਂ ਚੰਗੇ ਸਿੱਖ ਹੋਣ। ਪਹਿਲ ਦੇ ਆਧਾਰ ਤੇ ਸਮਝ ਲਈਏ ਕਿ ਇਹ ਸਭ ਤੋਂ ਵੱਡੀ ਜ਼ਾਇਦਾਦ ਹੈ ਜੋ ਅਸੀਂ ਬੱਚਿਆਂ ਨੂੰ ਦੇਣੀ ਹੈ। ਇਹ ਸਾਰੇ ਯਤਨ ਕਰਦਿਆਂ ਹੋਇਆਂ ਸਮਝ ਲਈਏ ਕਿ ਸਾਡਾ ਕੀਤਾ ਕੁਝ ਨਹੀਂ ਹੋਣਾ, ਉਹ ਮੇਰੇ ਸਤਿਗੁਰੂ ਦਾ, ਅਕਾਲ ਪੁਰਖ ਦਾ ਕੀਤਾ ਹੀ ਹੋਣਾ ਹੈ। ਅਸੀਂ ਹਮੇਸ਼ਾਂ ਬਖਸ਼ਿਸ਼ ਮੰਗੀਏ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ, ਸਿੱਖੀ ਬਖਸ਼ਣ। ਏਨੀਆਂ ਅਰਜ਼ਾਂ ਕਰਕੇ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

ਉਪਰੰਤ ਹੁਕਮ ਅਨੁਸਾਰ ਏਥੇ ਪੰਡਾਲ ਵਿੱਚ ਹੀ ਸੰਗਤਾਂ ਨੇ ਪੰਗਤਾਂ ਲਾ ਲਈਆਂ। ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਲੱਡੂਆਂ ਦਾ ਪ੍ਰਸ਼ਾਦ ਵਰਤਾਉਣ ਦੀ ਕਿਰਪਾ ਕੀਤੀ। ਅੱਜ ਇਸ ਦੌਰੇ ਦੇ ਪਹਿਲੇ ਦੀਵਾਨ ਸਮੇਂ ਹੀ ਅੰਮ੍ਰਿਤ ਵੇਲੇ ਤੋਂ ਨਾਮ ਸਿਮਰਨ ਕਰਦਿਆਂ, ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਦਿਆਂ, ਸਤਿਗੁਰੂ ਜੀ ਦੇ ਦਰਸ ਪਰਸ ਕੇ ਅਤੇ ਉਪਦੇਸ਼ ਸ੍ਰਵਣ ਕਰਕੇ, ਆਪ ਜੀ ਦੇ ਪਾਵਨ ਹਸਤ ਕੰਵਲਾਂ ਤੋਂ ਪ੍ਰਸ਼ਾਦ ਪ੍ਰਾਪਤ ਕਰਕੇ ਸੰਗਤਾਂ ਦੀ 'ਰੰਗ ਰਤੀ ਕਰਤਾਰੀ' ਵਾਲੀ ਅਵਸਥਾ ਬਣ ਗਈ, ਸਭ ਆਪਣੇ-ਆਪ ਨੂੰ ਵਡਭਾਗੇ ਮਹਿਸੂਸ ਕਰ ਰਹੇ ਸਨ।

ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਆਏ। ਅੱਜ ਦਾ ਪੂਰੇ ਦਿਨ ਦਾ ਮੇਲਾ, ਪ੍ਰਧਾਨ ਅਮਰਜੀਤ ਸਿੰਘ ਦੇ ਗ੍ਰਹਿ ਵਿਖੇ ਸੀ। ਗੁਰਿੰਦਰ ਸਿੰਘ (ਭਾਰਤੀ), ਜਸਬੀਰ ਸਿੰਘ ਅਤੇ ਬੀਬੀ ਬਲਜੀਤ ਕੌਰ ਦੇ ਗ੍ਰਹਿ ਵਿਖੇ ਚਰਨ ਪਾ ਕੇ, ਪ੍ਰਧਾਨ ਅਮਰਜੀਤ ਸਿੰਘ ਦੇ ਘਰ ਕਿਰਪਾ ਕੀਤੀ। ਏਥੇ ਹੀ ਲੰਗਰ ਛਕਿਆ। ਲੌਂਗ ਆਈਲੈਂਡ ਵਿਚ ਪ੍ਰਧਾਨ ਜੀ ਦਾ ਇਹ ਨਵਾਂ ਘਰ, ਸੁੰਦਰ, ਖੁੱਲ੍ਹਾ ਅਤੇ ਵਧੀਆ ਏਰੀਏ ਵਿੱਚ ਹੈ। ਕੁਝ ਸਮੇਂ ਬਾਅਦ ਸ੍ਰੀ ਸਤਿਗੁਰੂ ਜੀ, ਸੰਗਤ ਸਮੇਤ ਏਥੋਂ ਨੇੜੇ ਹੀ (Country Park) ਪਾਰਕ ਵਿੱਚ ਸੈਰ ਕਰਨ ਗਏ। ਬਹੁਤ ਵੱਡਾ ਪਾਰਕ ਅਤੇ ਨਾਲ ਹੀ ਇੱਕ ਬੜੀ ਸਾਫ ਝੀਲ ਹੈ। ਸ੍ਰੀ ਸਤਿਗੁਰੂ ਜੀ ਸਿੱਖਾਂ-ਸੇਵਕਾਂ ਨਾਲ ਬਚਨ-ਬਿਲਾਸ ਅਤੇ ਹਾਸ-ਵਿਲਾਸ ਕਰਦੇ ਅਤੇ ਖੁਸ਼ੀਆਂ ਬਖਸ਼ਦੇ, ਕਰੀਬ ਦੋ ਘੰਟਿਆਂ ਬਾਅਦ ਡੇਰੇ ਆਏ। ਘਰ ਦੇ ਪਿਛਲੇ ਪਾਸੇ ਹੀ ਖੁਲ੍ਹੇ ਪਾਰਕ ਵਿੱਚ ਨਿਤਨੇਮ ਵਾਸਤੇ ਸੁੰਦਰ ਪੰਡਾਲ ਵਿੱਚ ਵਿਛਾਈ ਕੀਤੀ ਹੋਈ ਸੀ। ਸ਼ਾਮੀਂ 4 ਤੋਂ 5 ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸ੍ਰਵਣ ਕੀਤਾ। ਹਜ਼ੂਰੀ ਰਾਗੀ ਸਿੰਘਾਂ ਕੀਰਤਨ

ਕੀਤਾ। ਸ੍ਰ. ਅਮਰਜੀਤ ਸਿੰਘ ਦੇ ਪਰਿਵਾਰ ਨਾਲ ਬਚਨ-ਬਿਲਾਸ ਕੀਤੇ, ਖੁਸ਼ੀਆਂ ਬਖਸ਼ੀਆਂ ਅਤੇ ਸ੍ਰੀ ਸਤਿਗੁਰੂ ਜੀ ਏਥੋਂ ਰਵਾਨਾ ਹੋ ਅਮਰ ਸਿੰਘ ਸਪੁੱਤਰ ਸੂਬਾ ਅਮਰੀਕ ਸਿੰਘ (ਬੰਗਲੌਰ) ਦੇ ਘਰ ਚਰਨ ਪਾ ਕੇ ਸ੍ਰ. ਭੁਪਿੰਦਰ ਸਿੰਘ ਭੁਰਜੀ ਦੇ ਗ੍ਰਹਿ ਵਿਖੇ ਕਿਰਪਾ ਕੀਤੀ। ਜਦੋਂ ਬੰਗਲੌਰ ਫਾਰਮ ਖਰੀਦਿਆ ਸੀ ਅਰੰਭ ਦੇ ਦਿਨਾਂ ਵਿੱਚ ਭੁਰਜੀ ਜੀ ਨੇ ਫਾਰਮ ਤੇ ਵੀ ਸੇਵਾ ਕੀਤੀ। ਕੁਝ ਸਮਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਦੀ ਸੇਵਾ ਵੀ ਨਿਭਾਈ। ਇਨ੍ਹਾਂ ਦੇ ਪਿਤਾ ਸੰਤ ਹੁਕਮ ਸਿੰਘ ਜੀ ਭੁਰਜੀ ਜੀ ਬੜੇ ਭਜਨੀਕ, ਬਹੁਤ ਵਧੀਆ ਸਿੱਖ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਕ੍ਰੀਬ 1997 ਤੋਂ ਭੁਰਜੀ ਜੀ ਪ੍ਰਵਾਰ ਸਮੇਤ ਏਥੇ ਅਮਰੀਕਾ ਵਿਚ ਹੀ ਰਹਿ ਰਹੇ ਹਨ। ਸ੍ਰੀ ਸਤਿਗੁਰੂ ਜੀ ਨੇ ਭੁਰਜੀ ਜੀ ਨਾਲ ਨਾਮਧਾਰੀ ਫਾਰਮ (ਬੰਗਲੌਰ) ਬਾਰੇ 1974-75 ਦੇ ਸਮੇਂ ਦੇ ਬਚਨ-ਬਿਲਾਸ ਕੀਤੇ। ਭੁਰਜੀ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਬਚਨ ਸੁਣਾਏ। ਆਪ ਨੇ ਦੱਸਿਆ ਕਿ ਇਕ ਵੇਰ ਗਰੀਬ ਨਿਵਾਜ ਨੇ ਮੈਨੂੰ ਹੁਕਮ ਕੀਤਾ ਕਿ ਨਾਭਾ-ਪਤੀ ਮਹਾਰਾਜਾ ਪ੍ਰਤਾਪ ਸਿੰਘ ਦਾ ਪਤਾ ਕਰੋ ਕਿੱਥੇ ਹਨ? ਉਨ੍ਹਾਂ ਨੂੰ ਮਿਲਣਾ ਹੈ। ਲੱਭਣ ਤੇ ਪਤਾ ਲੱਗਾ ਕਿ ਮਹਾਰਾਜਾ ਪ੍ਰਤਾਪ ਸਿੰਘ, ਬਹੁਤ ਬਿਰਧ ਹਨ ਅਤੇ ਸਿਹਤ ਢਿੱਲੀ ਹੋਣ ਕਰਕੇ ਦਿੱਲੀ ਗੰਗਾ ਰਾਮ ਹਸਪਤਾਲ ਵਿੱਚ ਹਨ। ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਕੀਤਾ। ਸ੍ਰੀ ਸਤਿਗੁਰੂ ਜੀ ਨੇ ਹਸਪਤਾਲ ਜਾ ਕੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬੜੇ ਪ੍ਰਸੰਨ ਹੋਏ। ਫੇਰ ਛੇਤੀ ਹੀ ਝੜ੍ਹਾਈ ਕਰ ਗਏ। ਸੂਬਾ ਬੀਬੀ ਹੁਕਮੀਂ ਰਾਹੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕਰਨ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਘਰ ਮਹਾਰਾਜਾ ਪ੍ਰਤਾਪ ਸਿੰਘ ਜੀ ਦਾ ਜਨਮ ਹੋਇਆ ਸੀ। ਇਸ ਖੁਸ਼ੀ ਵਿੱਚ ਮਹਾਰਾਜਾ ਨਾਭਾ ਜੀ ਨੇ ਬੀੜ ਭਮਾਰਸੀ ਵਿਖੇ ਕਰੀਬ 1200 ਏਕੜ ਜ਼ਮੀਨ, ਰੋਲਜ਼ ਰਾਇਸ ਕਾਰ ਅਤੇ ਹੋਰ ਕੀਮਤੀ ਵਸਤੂਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਭੇਟ ਕੀਤੀਆਂ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਹ ਜ਼ਮੀਨ ਗਰੀਬ ਸਿੱਖਾਂ ਨੂੰ ਵੰਡ ਦਿੱਤੀ। ਅੱਜ ਕੱਲ੍ਹ ਇਹ ਬੀੜ ਕੂਕਿਆਂ ਦੀ ਕਰਕੇ ਵੀ ਜਾਣੀ ਜਾਂਦੀ ਹੈ।

ਭੁਰਜੀ ਜੀ ਨੇ ਮਹਾਰਾਜ ਦਰਸ਼ਨ ਸਿੰਘ (ਰਾਧਾ ਸੁਆਮੀ) ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੂੜ੍ਹੇ ਸੰਬੰਧਾਂ ਬਾਰੇ ਵੀ ਬਚਨ ਸੁਣਾਏ। ਭੁਰਜੀ ਜੀ ਦੇ ਘਰ ਹੀ ਸਤਿਗੁਰੂ ਜੀ ਜਲ ਪਾਣੀ ਛਕਕੇ, ਡੇਰੇ (ਸੁਖਦੇਵ ਸਿੰਘ ਦੇ ਘਰ) ਆਏ।

6 ਜੁਲਾਈ ਸ਼ਨੀਵਾਰ: ਨਿਊਯਾਰਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਕੀਰਤਨ ਨਾਮਧਾਰੀ ਗੁਰਦੁਆਰੇ ਵਿਖੇ ਹੋਇਆ। ਉਪਰੰਤ ਕਾਕਾ ਸੰਤਾ ਸਿੰਘ ਸਪੁੱਤਰ ਸਰਮੁਖ ਸਿੰਘ ਨੇ 'ਤੁਮ ਹੋ ਸਭ ਰਾਜਨ ਕੇ ਰਾਜਾ' ਸ਼ਬਦ ਗਾਇਨ ਕੀਤਾ। ਤਬਲੇ ਤੇ ਇਸੇ ਕਾਕੇ ਦੇ ਦਾਦੇ ਸੁਖਦੇਵ ਸਿੰਘ ਨੇ ਸੰਗਤ ਕੀਤੀ। ਇੱਥੇ ਨਿਊਯਾਰਕ ਸੁਖਦੇਵ ਸਿੰਘ ਜੀ ਹੀ ਬੱਚਿਆਂ ਨੂੰ ਪੰਜਾਬੀ, ਗੁਰਬਾਣੀ ਅਤੇ ਸੰਗੀਤ ਸਿਖਾਉਣ ਦੀ ਸੇਵਾ ਨਿਭਾ ਰਹੇ ਹਨ। ਸ੍ਰੀ ਸਤਿਗੁਰੂ ਜੀ ਨੇ ਕਾਕਾ ਸੰਤਾ ਸਿੰਘ ਨੂੰ ਖੁਸ਼ੀਆਂ ਬਖਸ਼ੀਆਂ। ਉਪਰੰਤ ਰਵਿੰਦਰ ਸਿੰਘ ਭਾਰਤੀ ਦੇ ਗ੍ਰਹਿ ਵਿਖੇ ਲੰਗਰ ਛੱਕ ਕੇ ਗ੍ਰੀਬ ਨਿਵਾਜ ਜੀ ਬਾਲਟੀਮੋਰ ਵਾਸਤੇ ਰਵਾਨਾ ਹੋਏ, ਨਿਊਯਾਰਕ ਤੋਂ ਕ੍ਰੀਬ ਚਾਰ ਘੰਟੇ ਦੀ ਡਰਾਈਵ ਹੈ ਰਸਤੇ 'ਚ ਸੁਦਰਸ਼ਨ ਸਿੰਘ, ਸਰਮੁਖ ਸਿੰਘ ਦੀ ਵਰਕਸ਼ਾਪ (Punjab Truck Service) ਤੇ ਚਰਨ ਪਾਏ। ਬਾਲਟੀਮੋਰ ਵਿਖੇ ਬੀਬੀ ਰਜਿੰਦਰ ਕੌਰ ਸੁਪਤਨੀ ਸੰਤ ਜਗਜੀਤ ਸਿੰਘ ਜੀ ਚਾਨਾ ਨੂੰ ਦਰਸ਼ਨ ਦਿੱਤੇ। ਇਹ ਬੀਬੀ ਕਈ ਸਾਲਾਂ ਤੋਂ ਠੀਕ ਨਹੀਂ, ਹੁਣ ਤੇ ਸਾਲ ਕੁ ਤੋਂ ਬੈੱਡ ਤੇ ਹੀ ਹੈ, ਹੋਸ਼ ਵੀ ਨਹੀਂ। ਸਤਿਗੁਰੂ ਜੀ ਹੁਕਮ ਕੀਤਾ ਕਿ ਕਲ੍ਹ ਨੂੰ ਆਸਾ ਦੀ ਵਾਰ ਉਪਰੰਤ ਬੀਬੀ ਦੀ ਕਸ਼ਟ ਦੀ ਨਵਿਰਤੀ ਵਾਸਤੇ ਅਰਦਾਸ ਹੋ ਜਾਵੇ। ਏਥੇ ਹੀ ਅਵਤਾਰ ਸਿੰਘ ਸਪੁੱਤਰ ਸੂਬਾ ਮਹਿੰਦਰ ਸਿੰਘ ਜੀ ਦੇ ਗ੍ਰਿਹ ਵਿਖੇ ਚਰਨ ਪਾਏ, ਜਲ-ਪਾਣੀ ਛਕਿਆ ਅਤੇ ਨਿਊਜ਼ਰਸੀ ਵਾਸਤੇ ਰਵਾਨਾ ਹੋਏ। ਕ੍ਰੀਬ ਪੌਣੇ ਚਾਰ ਵਜੇ ਨਿਊਜ਼ਰਸੀ ਜਗਦੀਪ ਸਿੰਘ, ਸੁਖਜੀਤ ਕੌਰ ਰੀਟਾ ਦੇ ਘਰ ਪੁੱਜੇ। ਜਲ ਪਾਣੀ ਛਕਕੇ 4 ਤੋਂ 5 ਏਸੇ ਘਰ ਹੀ ਨਾਮ ਸਿਮਰਨ ਸਮੇਂ ਦਰਸ਼ਨ ਦਿੱਤੇ। ਨਿਤਨੇਮ ਦੌਰਾਨ ਸੇਵਕ ਹਰਪਾਲ ਸਿੰਘ ਨੇ ਕਥਾ ਕੀਤੀ। ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ, ਸਾਖੀਆਂ ਸੁਣਾਈਆਂ। ਏਥੇ ਘਰ ਤਾਂ ਇੱਕ ਹੀ ਹੈ ਪਰ ਨਿਊਯਾਰਕ ਅਤੇ ਬਾਲਟੀਮੋਰ ਦੀ ਸੰਗਤ ਆਉਣ ਕਰਕੇ ਮੇਲਾ ਬਣ ਗਿਆ।

ਨਿਤਨੇਮ ਉਪਰੰਤ ਜਗਦੀਪ ਸਿੰਘ ਦੇ ਬੱਚੇ, ਕਾਕਾ ਜਸਵੰਤ ਸਿੰਘ ਅਤੇ ਬੇਟੀ ਜੀਵਨ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸ਼ਬਦ ਗਾਇਨ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ 'ਆਨੰਦੁ ਆਨੰਦੁ ਸਭ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ' ਸ਼ਬਦ ਬੜੀ ਰਸ ਭਿੰਨੀ ਰੀਤ 'ਚ ਗਾਇਨ ਕੀਤਾ।

ਕੀਰਤਨ ਦੀ ਅਰਦਾਸ ਉਪਰੰਤ ਸਰਮੁਖ ਸਿੰਘ ਨੇ ਕੁਝ ਸਮਾਂ ਭਾਸ਼ਨ ਦਿੱਤਾ, ਵਿਸ਼ੇਸ਼ ਕਰਕੇ ਨਾਮਧਾਰੀ ਪਹਿਰਾਵਾ ਪਾਉਣ ਬਾਰੇ ਕਿਹਾ ਕਿ ਛੋਟੇ ਬੱਚੇ ਜਿਨ੍ਹਾਂ ਨੂੰ ਬਚਪਨ ਤੋਂ ਜੇ ਅਸੀਂ ਨਾਮਧਾਰੀ ਪਹਿਰਾਵਾ ਪਾਵਾਂਗੇ ਤਾਂ ਵੱਡੇ ਹੋ ਕੇ ਉਹ ਸਿੱਖ ਬਣੇ

ਰਹਿਣਗੇ, ਅਸੀਂ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਾਂਗੇ। ਉਪਰੰਤ ਉਸਤਾਦ ਵਿਲਾਇਤ ਖਾਨ ਜੀ ਦੀ ਪਤਨੀ ਅਤੇ ਸਪੁੱਤਰ ਹਿਦਾਇਤ ਜੀ ਦੀਵਾਨ ਵਿੱਚ ਹਾਜ਼ਰ ਹੋਏ। ਹਿਦਾਇਤ ਜੀ ਨੇ ਰਾਗ ਮਧੁਵੰਤੀ ਵਿੱਚ 15-20 ਮਿੰਟਾਂ ਵਾਸਤੇ ਸਿਤਾਰ ਵਾਦਨ ਕੀਤਾ। ਇਸ ਪਰਿਵਾਰ ਨਾਲ ਸ੍ਰੀ ਸਤਿਗੁਰੂ ਜੀ ਨੇ ਵੱਖਰਿਆਂ ਬੈਠ ਕੇ ਬਚਨ ਬਿਲਾਸ ਵੀ ਕੀਤੇ। ਜਗਦੀਪ ਸਿੰਘ ਅਤੇ ਬੀਬੀ ਰੀਟਾ ਨੂੰ ਖੁਸ਼ੀਆਂ ਬਖਸ਼ ਗ੍ਰੀਬ ਨਿਵਾਜ ਵਾਪਸ ਨਿਊਯਾਰਕ ਆਏ।

7 ਜੁਲਾਈ ਐਤਵਾਰ: ਅੱਜ ਆਸਾ ਦੀ ਵਾਰ ਦਾ ਕੀਰਤਨ (Atlantic Beach) ਬੀਚ ਤੇ (ਸਮੁੰਦਰ ਕੰਢੇ) ਹੋਇਆ। ਨੌਜੁਆਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਦੌਰੇ ਦਾ ਏਨਾਂ ਚਾਅ ਸੀ ਕਿ ਕੁਝ ਨੌਜੁਆਨ ਅਤੇ ਬੱਚੇ ਅੱਜ ਸਾਰੀ ਰਾਤ ਸੁੱਤੇ ਨਹੀਂ, ਸਮੁੰਦਰ ਕੰਢੇ ਪੰਡਾਲ ਦੀ ਤਿਅਰੀ ਕਰਦੇ ਰਹੇ। ਸ੍ਰੀ ਸਤਿਗੁਰੂ ਜੀ ਜਦੋਂ ਆਸਾ ਦੀ ਵਾਰ ਵਿੱਚ ਪੁੱਜੇ, ਨੌਜੁਆਨਾਂ ਨੂੰ ਦੇਖ ਕੇ ਖੁਸ਼ੀਆਂ ਬਖਸ਼ੀਆਂ। ਸੁਦਰਸ਼ਰਨ ਸਿੰਘ, ਪਰਮਿੰਦਰ ਸਿੰਘ, ਸਰਮੁਖ ਸਿੰਘ ਨੇ ਲਾਈਵ ਟੈਲੀਕਾਸਟ ਦਾ ਪ੍ਰਬੰਧ ਵੀ ਕਰ ਲਿਆ। ਦੂਰ-ਦੁਰਾਡੇ ਦੀਆਂ ਸੰਗਤਾਂ ਨੇ ਵੀ ਇਸ ਸੁੰਦਰ ਦ੍ਰਿਸ਼ ਦਾ ਅਨੰਦ ਮਾਣਿਆ। ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਜੀ ਨਾਲ ਰਤਨ ਸਿੰਘ ਟੋਰਾਂਟੋ, ਸਤਵੰਤ ਸਿੰਘ, ਗੁਰਮੁਖ ਸਿੰਘ ਤਬਲਾ, ਸ਼ੇਰ ਸਿੰਘ ਜੀ ਅਤੇ ਰਣਧੀਰ ਸਿੰਘ ਜੀ ਨੇ ਵੀ ਸਾਥ ਦਿੱਤਾ। ਬਲਵੰਤ ਸਿੰਘ ਜੀ ਨੇ ਬੀਚ ਤੇ (ਸਮੁੰਦਰ ਕੰਢੇ) ਵਾਰ ਹੋਣ ਕਰਕੇ ਦੋ ਸ਼ਬਦ ਉਚੇਚੇ ਤੌਰ ਤੇ ਗਾਇਨ ਕੀਤੇ, ਚੌਥੇ ਪਾਤਸ਼ਾਹ ਦਾ ਸ਼ਬਦ-

"ਝਖੜੁ ਝਾਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ॥
ਸਮੁੰਦੁ ਸਾਗਰ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ ਅਤੇ
ਕਬੀਰ ਜੀ ਦਾ ਸ਼ਬਦ- 'ਹਮ ਤੁਮ ਬੀਚੁ ਭਇਓ ਨਹੀ ਕੋਈ॥

ਉਪਰੋਕਤ ਸ਼ਬਦਾਂ ਵਿੱਚ ਸਮੁੰਦ ਸਾਗਰ ਸ਼ਬਦ ਆਉਣ ਕਰਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅਨੇਕਾਂ ਕਸ਼ਟ ਝੱਲ ਕੇ ਰੰਗੂਨ ਜਾਣ ਵਾਲੇ ਗੁਰੂ ਪ੍ਰੇਮੀਂ ਸਿੱਖਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਆਸਾ ਦੀ ਵਾਰ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਸੰਗਤ ਵਿੱਚੋਂ ਕੋਈ ਕੁਝ ਸੁਣਾਓ, ਬੱਚੇ, ਨੌਜੁਆਨ, ਕੋਈ ਸਾਖੀਆਂ ਸੁਣਾਉਣ। ਸਭ ਤੋਂ ਪਹਿਲੋਂ ਪ੍ਰਧਾਨ ਸਵਰਣ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਗੁਣ ਗਾਇਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਛੋਟੀ ਮਰਿਯਾਦਾ ਹੀ ਰੱਖੀ ਹੈ ਬਜ਼ਾਰ ਦਾ ਖਾਣਾ ਬੰਦ ਕੀਤਾ ਹੈ ਤਾਂ ਏਨੇ ਨਾਲ ਹੀ ਸ੍ਰੀ ਸਤਿਗੁਰੂ ਜੀ ਦੀਆਂ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਹੋਈਆਂ ਹਨ। ਬੀਬੀ ਸੁਖਜੀਤ ਕੌਰ ਰੀਟਾ ਨੇ ਬੜੀ ਭਾਵੁਕ ਹੋ ਕੇ ਦੱਸਿਆ ਕਿ ਮੇਰਾ ਘਰ ਵਾਲਾ ਏਥੇ ਅਮਰੀਕਾ ਸੀ, ਮੇਰਾ ਵੀਜ਼ਾ ਨਹੀਂ ਸੀ ਲੱਗ ਰਿਹਾ, ਅਸੀਂ ਕਿਸੇ ਏਜੈਂਟ ਨਾਲ ਗੱਲ ਕਰਕੇ ਥਾਈਲੈਂਡ ਤੋਂ ਵੀਜ਼ਾ ਲਵਾ ਕੇ ਕਿਸੇ ਢੰਗ ਨਾਲ ਆਉਣ ਬਾਰੇ ਗੱਲ ਕੀਤੀ ਪਰ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਤਾਂ ਆਪ ਜੀ ਹੁਕਮ ਕੀਤਾ ਥਾਈਲੈਂਡ ਤੋਂ ਨਹੀਂ ਜਾਣਾ, ਸਿੱਧਾ ਭਾਰਤ ਤੋਂ ਹੀ ਅਮਰੀਕਾ ਜਾਣਾ ਹੈ। ਆਪ ਜੀ ਦੀ ਐਸੀ ਕਿਰਪਾ ਹੋਈ ਕਿ ਪੈਸੇ ਵੀ ਨਾ ਲੱਗੇ ਅਤੇ ਇੰਡੀਆਂ ਤੋਂ ਵੀਜ਼ਾ ਲੈ ਕੇ ਮੈਂ ਏਥੇ ਪਹੁੰਚ ਗਈ।

ਸਿਮਰਜੀਤ ਕੌਰ 'ਸਿੰਮੀ' ਨੇ ਬਚਨ ਸੁਣਾਇਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਉਪਰੰਤ ਮੈਂ ਬੜੀ ਪਰੇਸ਼ਾਨ ਸਾਂ ਕਿ ਹੁਣ ਕਿਸ ਨੂੰ ਅਰਜ਼ਾਂ ਕਰੀਏ? ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨ-ਦਰਸ਼ਨ ਹੋਏ, ਬਚਨ ਕੀਤਾ ਤੈਨੂੰ ਅਰਜ਼ ਕਰਨ ਦੀ ਲੋੜ ਨਹੀਂ, ਕਾਕਾ ਉਦੇ ਸਿੰਘ ਅੱਗੇ ਅਰਦਾਸ ਕਰਿਆ ਕਰ, ਤੇਰੀਆਂ ਸਾਰੀਆਂ ਮੰਗਾਂ ਪੂਰੀਆਂ ਹੋਣਗੀਆਂ। ਗ੍ਰੀਬ ਨਿਵਾਜ ਮੈਂ ਜੋ ਵੀ ਅਰਦਾਸ ਕਰਦੀ ਹਾਂ, ਆਪ ਜੀ ਦੀ ਕਿਰਪਾ ਨਾਲ ਪੂਰੀ ਹੋ ਜਾਂਦੀ ਹੈ। ਇਵੇਂ ਹੀ ਕਿਰਪਾ ਬਣਾਈ ਰੱਖਿਓ। ਰਾਗੀ ਬਲਵੰਤ ਸਿੰਘ ਜੀ ਨੇ ਸਿੰਮੀ ਦੀ ਲਿਖੀ ਇੱਕ ਬਹੁਤ ਜਿਆਦਾ ਪਿਆਰੀ ਨਜ਼ਮ ਸੁਣਾਈ, ਨਜ਼ਮ ਦੇ ਬੋਲ ਹਨ:

ਯਾਦ ਤੇਰੀ ਵਿੱਚ ਨਿੱਤ ਹੀ ਪ੍ਰੀਤਮ, ਔਂਸੀਆਂ ਪੌਂਦੇ ਰਹਿੰਦੇ ਹਾਂ।
ਤੇਰਾ ਨਾਮ ਲਬਾਂ ਤੇ ਰਹਿੰਦਾ, ਜਦ ਵੀ ਉੱਠਦੇ ਬਹਿੰਦੇ ਹਾਂ।
ਸਾਵਨ ਮੇਂ ਸਖੀ ਡਾਰ ਗੁਲਾਲ, ਗਾ ਕੇ ਤੁਸੀਂ ਸੁਣਾਉਂਦੇ ਸਓ।
ਕਾਂਧੇ ਕੰਵਰੀਆ ਦੀ ਰੀਤ ਸੁਣਾ, ਗੋਕਲ ਦੀ ਸੈਰ ਕਰਾਉਂਦੇ ਸਓ।
ਗਰਜ਼ ਗਰਜ਼ ਕਰ ਬਰਸਨ ਬੂੰਦਾਂ, ਬਾਦਰ ਘਿਰ ਘਿਰ ਅਉਂਦੇ ਸੀ।
ਮੋਰ ਪਪੀਹੇ ਨੱਚਣ ਲਗਦੇ, ਜਦ ਮਲਹਾਰ ਸੁਣਾਉਂਦੇ ਸੀ।
ਮੁਖੜੇ ਦੀ ਮੁਸਕਾਨ ਤੁਸਾਂ ਦੀ, ਬਸੰਤ-ਬਹਾਰੋਂ ਪਿਆਰੀ ਸੀ।

ਮਥੁਰਾ-ਮੰਡਲ ਲਗਦੀ ਭੈਣੀ, ਜਦ ਕਰਦੇ ਰਥ ਅਸਵਾਰੀ ਸੀ।
ਠੁਮਕ ਚਲਤ ਰਾਮ ਚੰਦਰ, ਇਹ ਵੀ ਤੁਸੀਂ ਸੁਣਾਉਂਦੇ ਸਓ।
ਹਮਰਾ ਠਾਕੁਰ ਸਭ ਤੇ ਊਚਾ, ਬਣ ਸਾਨੂੰ ਸਮਝਾਉਂਦੇ ਸਓ।
ਮਉਲੀ ਧਰਤੀ ਗਾਉਂਦੇ ਸਉ ਜਦ, ਸ੍ਰਿਸ਼ਟੀ ਲਗਦੀ ਮਉਲੀ ਸੀ।
ਸਭ ਦਾ ਬਾਬੁਲ ਤੂੰ ਹੀਂ ਜਾਪੇ, ਜਦ ਗਾਉਂਦਾ ਤੁਸੀਂ ਡੋਲੀ ਸੀ।
ਧਾ-ਧਾ ਕੜਾਂ ਧਾ ਦੇ ਸਾਨੂੰ, ਸਿਖਾਏ ਤੁਸਾਂ ਤਰਾਨੇ ਸੀ।
ਤਾ ਧਾ ਰੇ ਧਾ ਨੀ ਸਓ ਗਉਂਦੇ, ਕੇਹੇ ਸੁਹਣੇ ਜ਼ਮਾਨੇ ਸੀ।
ਅਚਿੰਦ ਰਹੁ ਮਨ ਦੇਊ ਸਤਿਗੁਰ, ਸਹਿਜੇ ਹੀ ਸਮਝਾ ਦਿੱਤਾ।
ਦਰੀਆਵੈ ਕੰਨੈ ਬਗੁਲਾ, ਇਹ ਵੀ ਸੀ ਸਿਖਾ ਦਿੱਤਾ।
ਹਾਸ ਵਿਨੋਦ ਤੇਰਾ ਉਹ ਪ੍ਰੀਤਮ, ਯਾਦ ਅਜੇ ਵੀ ਆਉਂਦਾ ਏ।
ਏਨੇ ਸੁੱਖ ਤੂੰ ਝੋਲੀ ਪਾਏ, ਕੁਲ ਜ਼ਮਾਨਾ ਗਉਂਦਾ ਏ।

ਉਪਰੰਤ ਤੇਜਾ ਸਿੰਘ (ਗੁਰਤੇਜ ਸਿੰਘ ਸਪੁੱਤਰ ਸੁਰਜੀਤ ਸਿੰਘ ਸਾਰੰਗੀ ਨੇ ਨਾਮਧਾਰੀ ਬਾਣੇ ਬਾਰੇ ਪ੍ਰੇਰਣਾ ਦਾ ਇਕ ਬਚਨ ਸੁਣਾਇਆ। ਉਸ ਦੱਸਿਆ ਕਿ ਮੇਰੇ ਪਿਤਾ ਜੀ ਨੇ ਅਮਰੀਕਾ ਤੋਂ ਸਪੌਂਸਰ ਭੇਜੀ। ਮੈਂ ਪੈਂਟ, ਬੁਰਸਟ ਪਾ ਕੇ ਐਂਮਬੈਸੀ ਗਿਆ, ਐਪਲੀਕੇਸ਼ਨ ਦਿੱਤੀ, ਵੀਜ਼ਾ ਰਿਫੀਊਜ਼ ਹੋ ਗਿਆ। ਮੈਂ ਬੜਾ ਉਦਾਸ ਹੋ ਗਿਆ। ਕੁਝ ਸਮੇਂ ਬਾਅਦ ਦੁਬਾਰਾ ਐਪਲੀਕੇਸ਼ਨ ਲਾਈ, ਜਿਸ ਦਿਨ ਐਂਮਬੈਸੀ ਜਾਣਾ ਸੀ, ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦ੍ਰਿਸ਼ਟਾਂਤ ਹੋਇਆ, ਬਚਨ ਕੀਤਾ, ਕੁੜਤਾ ਪਜਾਮਾਂ ਪਾ ਕੇ ਜਾਈਂ। ਪੂਰੇ ਨਾਮਧਾਰੀ ਪਹਿਰਾਵੇ ਵਿੱਚ ਗਿਆ, ਕਿਰਪਾ ਹੋਈ, ਵੀਜ਼ਾ ਮਿਲ ਗਿਆ।

ਸੁਖਦੇਵ ਸਿੰਘ ਜੀ ਨੇ ਵੀ ਗੁਰਮੁਖੀ ਬਾਣੇ ਬਾਰੇ ਕੁਝ ਬਚਨ ਸੁਣਾਏ, ਉਨ੍ਹਾਂ ਦੱਸਿਆ ਕਿ ਸਾਡੇ ਬੱਚੇ ਸੁਦਰਸ਼ਨ, ਸਰਮੁਖ, ਛੋਟੇ-ਛੋਟੇ ਸਨ ਸਫੈਦ ਨਾਮਧਾਰੀ ਪਹਿਰਾਵਾ ਪਾਇਆ ਹੋਇਆ ਸੀ, ਰੇਲਵੇ ਸਟੇਸ਼ਨ ਤੇ ਦੋ ਨਿਹੰਗ ਸਿੰਘ, ਇਨ੍ਹਾਂ ਬੱਚਿਆਂ ਨੂੰ ਗੁਰਮੁਖੀ ਬਾਣੇ ਵਿੱਚ ਵੇਖ ਕੇ ਇੱਕ ਨਿਹੰਗ ਸਿੰਘ ਨੇ ਦੂਸਰੇ ਨੂੰ ਕਿਹਾ, ਵੇਖ ਓਇ ਆ ਬੱਚੇ ਸਹਿਬਜ਼ਾਦਿਆਂ ਵਰਗੇ ਲੱਗਦੇ ਹਨ। ਸਤਵੰਤ ਸਿੰਘ ਨੇ ਇੱਕ ਗੀਤ ਗਾਇਆ-

ਜਗਜੀਤ ਗੁਰੂ ਤੇਰੇ ਦੁਆਰੇ ਤੋਂ , ਹੱਥ ਜੋੜ ਏਹੋ ਹੀ ਮੰਗਦੇ ਹਾਂ।
ਨਾ ਦੂਰ ਕਰੀਂ ਕਦੇ ਚਰਨਾਂ ਤੋਂ, ਦਿਨ ਰਾਤ ਏਹੋ ਹੀ ਮੰਗਦੇ ਹਾਂ।

ਉਪਰੰਤ ਗੁਰਦੇਵ ਸਿੰਘ ਲੁਧਿਆਣਾ, ਖੁਸ਼ਦੀਪ ਕੌਰ, ਰਾਜਵੀਰ ਕੌਰ ਨੇ ਵੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਸੁਣਾਈਆਂ। ਨਰਿੰਦਰ ਸਿੰਘ ਭੱਟੀ ਨੇ ਕਿਹਾ ਕਿ ਗ਼ਰੀਬ ਨਿਵਾਜ ਗਲੋਬਲ ਵਾਰਮਿੰਗ ਵਧ ਰਹੀ ਹੈ, ਕਿਵੇਂ ਬਚੇਗੀ ਇਹ ਦੁਨੀਆਂ? ਸ੍ਰੀ ਸਤਿਗੁਰੂ ਜੀ ਸੰਗਤ ਨੂੰ ਮੁਖਾਤਿਬ ਹੁੰਦਿਆਂ ਫੁਰਮਾਇਆ ਕਿ ਜਿਸ ਅਕਾਲ-ਪੁਰਖ ਨੇ ਸ੍ਰਿਸ਼ਟੀ ਸਾਜੀ ਹੈ, ਉਸੇ ਨੂੰ ਹੀ ਇਸਦੀ ਚਿੰਤਾ ਹੈ, ਉਹੀ ਰਖਵਾਲਾ ਹੈ। ਸਮੇਂ-ਸਮੇਂ ਕਈਆਂ ਨੇ ਕਿਹਾ ਕਿ ਦੁਨੀਆਂ ਭੁੱਖ ਨਾਲ ਮਰ ਜਾਵੇਗੀ। ਏਨੇ ਵਰ੍ਹਿਆਂ ਤੱਕ ਵਧੀ ਹੋਈ ਆਬਾਦੀ ਲਈ ਅਨਾਜ ਨਹੀਂ ਪੂਰਾ ਹੋ ਸਕੇਗਾ ਪਰ ਉਸਤੋਂ ਬਾਅਦ ਅਨਾਜ ਦੀ ਪੈਦਾਵਾਰ ਕਈ ਗੁਣਾਂ ਵਧ ਗਈ। 'ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥' ਭਜਨ ਬਾਣੀ ਕਰੋ, ਸਤਿਗੁਰੂ ਤੇ ਭਰੋਸਾ ਰੱਖੋ, ਹਰ ਸਮੇਂ, ਹਰ ਮੁਸੀਬਤ ਵਿੱਚ ਸਤਿਗੁਰੂ ਹੀ ਸਾਡਾ ਰਾਖਾ ਹੈ।

ਸਰਮੁਖ ਸਿੰਘ ਅਤੇ ਸ਼ੇਰ ਸਿੰਘ ਰਾਗੀ ਨੇ ਵੀ ਸਤਿਗੁਰੂ ਜਗਜੀਤ ਸਿੰਘ ਦੀਆਂ ਅਪਾਰ ਬਖਸ਼ਿਸ਼ਾਂ ਬਾਰੇ ਦੱਸਿਆ ਕਿ ਗ਼ਰੀਬ ਨਿਵਾਜ ਨੇ ਸਾਨੂੰ ਗ਼ਰੀਬੀ 'ਚੋਂ ਕੱਢ ਕੇ, ਸੁੱਖ ਬਖਸ਼ੇ ਹਨ ਅਤੇ ਸਾਨੂੰ ਵੀ ਅਤੇ ਸਾਡਿਆਂ ਬੱਚਿਆਂ ਨੂੰ ਵੀ ਸਿੱਖੀ ਬਖਸ਼ੀ ਹੈ, ਹੱਥੀਂ ਮਾਇਆ ਵੀ ਦਿੱਤੀ ਅਤੇ ਵਰਦਾਨ ਦੇ ਕੇ ਵੀ ਨਿਵਾਜਿਆ। ਅੱਜ ਆਸਾ ਦੀ ਵਾਰ ਵਿੱਚ ਇੱਕ ਨੀਲੀ ਪੱਗ ਵਾਲੇ ਸੱਜਣ ਸ੍ਰ. ਓਅੰਕਾਰ ਸਿੰਘ ਜੀ ਵੀ ਆਏ। ਸਤਿਗੁਰੂ ਜੀ ਦੇ ਕੌਤਕ ਸੁਣ ਕੇ ਉਹ ਵੀ ਮੰਚ ਤੇ ਆ ਗਏ। ਉਨ੍ਹਾਂ ਕਿਹਾ ਕਿ 2013 ਈ. ਤੋਂ ਸੁਖਦੇਵ ਸਿੰਘ ਹੁਰਾਂ ਰਾਹੀਂ ਨਾਮਧਾਰੀ ਸੰਗਤ ਨਾਲ ਸਾਡਾ ਰਾਬਤਾ ਕਾਇਮ ਹੋਇਆ। ਅਸੀਂ ਰਲ ਕੇ ਹਰ ਸਾਲ ਗਦਰ ਲਹਿਰ ਅਤੇ ਨਾਮਧਾਰੀ ਲਹਿਰ ਬਾਰੇ ਸਾਂਝਾ ਪ੍ਰੋਗਰਾਮ ਕਰਦੇ ਹਾਂ। ਮੈਂ ਪਿਛਲੇ ਵਰ੍ਹੇ ਸ੍ਰੀ ਭੈਣੀ ਸਾਹਿਬ ਗਿਆ, ਦੋ ਦਿਨ ਉੱਥੇ ਰਿਹਾ, ਸੰਗੀਤ ਸੰਮੇਲਨ ਦਾ ਅਨੰਦ ਮਾਣਿਆ, ਬਹੁਤ ਚੰਗਾ ਲੱਗਿਆ। ਹੁਣ ਸੰਗਤ ਨੇ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਰਕਤਾਂ

ਦਾ ਜ਼ਿਕਰ ਕੀਤਾ ਹੈ, ਮੇਰੇ ਨਾਲ ਵੀ ਅੱਜ ਕੁਝ ਇਵੇਂ ਹੀ ਵਾਪਰਿਆ। ਕੱਲ੍ਹ ਸੁਖਦੇਵ ਸਿੰਘ ਹੁਰਾਂ ਦਾ ਫੋਨ ਗਿਆ ਕਿ ਸਵੇਰੇ ਬੀਚ ਤੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ, ਹੋ ਸਕੇ ਤੇ ਆਇਓ। ਮੇਰਾ ਕੋਈ ਪੱਕਾ ਨਹੀਂ ਸੀ ਆਉਣ ਦਾ, ਮੈਂ ਟੈਕਸੀ ਚਲਾਉਂਦਾ ਹਾਂ। ਮੈਨੂੰ ਏਸ ਪਾਸੇ ਦੀ ਸਵਾਰੀ ਮਿਲ ਗਈ। ਕਿਰਾਇਆ 10 ਡਾਲਰ ਬਣਦਾ ਸੀ, ਉਸ ਮੈਨੂੰ 25 ਡਾਲਰ ਦਿੱਤੇ। ਮੈਂ ਸੋਚਿਆ ਕਿ ਇਹ ਸਤਿਗੁਰਾਂ ਹੀ ਬਿਧ ਬਣਾਈ ਹੈ, ਹੁਣ ਮੈਨੂੰ ਆਸਾ ਦੀ ਵਾਰ ਵਿੱਚ ਜਾਣਾ ਚਾਹੀਦਾ ਹੈ ਤਾਂ ਮੈਂ ਇਸ ਸਤਿਜੁਗੀ ਨਜ਼ਾਰੇ ਦਾ ਅਨੰਦ ਮਾਣ ਸਕਿਆ। ਮੈਂ ਜਦੋਂ ਵੀ ਇਸ ਦਰਬਾਰ ਵਿੱਚ ਆਉਂਦਾ ਹਾਂ ਤਾਂ ਸੰਤ ਬਲਵੰਤ ਸਿੰਘ ਜੀ ਦਾ ਕੀਰਤਨ ਸੁਣ ਕੇ ਸਰਸ਼ਾਰ ਹੋ ਜਾਂਦਾ ਹਾਂ। ਸਰਮੁਖ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸ.ਓਅੰਕਾਰ ਸਿੰਘ, ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸ਼ਹੀਦਾਂ ਬਾਰੇ ਪ੍ਰੋਗਰਾਮਾਂ ਵਿੱਚ ਬਹੁਤ ਮਦਦ ਕਰਦੇ ਹਨ। ਇੱਕ ਘੰਟੇ ਤੋਂ ਵੱਧ ਸਮਾਂ ਸਤਿਗੁਰੂ ਜੱਸ ਹੋਇਆ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਸਹਿਤ ਸਮੁੰਦਰ ਕਿਨਾਰੇ ਸੈਰ ਕੀਤੀ। ਸੰਗਤ ਦੇ ਲੰਗਰ ਦਾ ਵੀ ਏਥੇ ਹੀ ਪ੍ਰਬੰਧ ਕੀਤਾ ਗਿਆ ਸੀ। ਲੰਗਰ ਦੀ ਸੇਵਾ 'ਸਤਿਗੁਰੂ-ਸਵੀਟਸ' ਵਾਲੇ ਸ੍ਰ. ਬਲਵਿੰਦਰ ਸਿੰਘ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਅਤੇ ਸੋਧੀ ਸਿੰਘਾਂ ਨੇ ਡੇਰੇ ਲੰਗਰ ਛਕਿਆ। ਕੁਝ ਸਮੇਂ ਬਾਅਦ ਸ੍ਰੀ ਸਤਿਗੁਰੂ ਜੀ ਡੇਰਿਓਂ ਸਿਟੀ ਜਾਣ ਵਾਸਤੇ ਰਵਾਨਾ ਹੋਏ। ਰਸਤੇ 'ਚ ਗਗਨਦੀਪ ਸਿੰਘ (ਦਿੱਲੀ), ਸੁਰਿੰਦਰ ਸਿੰਘ ਦਿੱਲੀ ਅਤੇ ਸ. ਮਹਿੰਦਰ ਸਿੰਘ ਮੋਰੋਂ ਦੇ ਘਰ ਚਰਨ ਪਾਏ।

ਅੱਜ ਦੁਪਿਹਰੇ ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ, ਸੰਗਤਾਂ ਸਹਿਤ ਨਿਊਯਾਰਕ ਸਿਟੀ ਸੈਰ ਕਰਨ ਗਏ। ਇੱਥੇ ਇੱਕ High Line ਰੇਲਵੇ ਟਰੈਕ ਸੀ ਜੋ ਕਿ ਸੁੰਦਰ ਲੈਂਡ ਸਕੇਪਿੰਗ ਕਰਕੇ, ਬਹੁਤ ਰਮਣੀਕ ਵਾਕਿੰਗ ਟਰੈਕ ਬਣਾ ਦਿੱਤਾ ਹੈ। ਏਥੇ ਇੱਕ Vessel Building ਹੈ, ਜਿਸ ਦੀਆਂ ਅੱਠ ਮੰਜ਼ਲਾਂ ਪਉੜੀਆਂ ਹੀ ਹਨ, ਜੋ ਕਿ 200 ਮਿਲੀਅਨ ਡਾਲਰ ਦੀ ਲਾਗਤ ਨਾਲ ਬਣੀ ਤਾਂਬੇ ਨਾਲ ਸਜੀ-ਸੰਵਰੀ ਯਾਤਰੂਆਂ ਲਈ ਵਿਸ਼ੇਸ਼ ਆਕਰਸ਼ਨ ਹੈ। ਵਰਡ ਟਰੇਡ ਸੈਂਟਰ ਦੀ ਟਵਿੰਨ ਟਾਵਰ ਵਾਲੀ ਜਗ੍ਹਾ ਬਣੀ ਇਮਾਰਤ Freedom Tower ਵੀ ਵੇਖਿਆ। ਇਨ੍ਹਾਂ ਦਰਸ਼ਨੀ ਸਥਾਨਾਂ ਤੇ ਸੰਗਤਾਂ ਨੂੰ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰਾਂ ਖਿਚਵਾਉਣ ਦਾ ਸੁਭਾਗ ਵੀ ਪ੍ਰਾਪਤ ਹੋਇਆ।

ਨਾਮਧਾਰੀ ਗੁਰਦੁਆਰੇ ਵਿਖੇ 5 ਤੋਂ 6 ਨਾਮ-ਸਿਮਰਨ ਹੋਇਆ। ਉਪਰੰਤ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਏਥੋਂ ਦੇ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ, ਦੀਵਾਨ ਲਗਾਏ। ਦੋ ਬੱਚੀਆਂ ਗਿਆਨ ਕੌਰ, ਗੁਰਦੇਵ ਕੌਰ ਸਪੁੱਤਰੀਆਂ ਗਗਨਦੀਪ ਸਿੰਘ ਨੇ 'ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ...' ਅਤੇ 'ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ...' ਗਾਇਨ ਕੀਤਾ। ਬਲਵੰਤ ਕੌਰ ਸਪੁੱਤਰੀ ਬਲਬੀਰ ਸਿੰਘ (ਦਿੱਲੀ) ਨੇ 'ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ' ਸ਼ਬਦ ਗਾਇਆ। ਉਪਰੋਕਤ ਬੱਚਿਆਂ ਨਾਲ ਤਬਲੇ ਤੇ ਸੰਗਤ ਗੁਰਤੇਜ ਸਿੰਘ ਸਪੁੱਤਰ ਸੁਰਜੀਤ ਸਿੰਘ ਨੇ ਕੀਤੀ। ਉਪਰੰਤ ਸ੍ਰ.ਦਲਜੀਤ ਸਿੰਘ ਦੇ ਪੋਤਰੇ ਕਾਕਾ ਦਾਨ ਸਿੰਘ ਅਤੇ ਦਇਆ ਸਿੰਘ (ਸਪੁੱਤਰ ਦਿਆਲ ਸਿੰਘ, ਸ਼ਰਨ ਕੌਰ) ਨੇ ਰਸ ਭਿੰਨਾਂ ਤਾਨਾਂ, ਮੁਰਕੀਆਂ ਸਹਿਤ ਸ਼ਬਦ ਗਾਇਨ ਕੀਤਾ- 'ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ..' ਇਨ੍ਹਾਂ ਬੱਚਿਆਂ ਨਾਲ ਤਬਲੇ ਤੇ ਕੁਲਵੰਤ ਸਿੰਘ ਸਪੁੱਤਰ ਸੂਬਾ ਜੋਗਿੰਦਰ ਸਿੰਘ ਅਤੇ ਵਾਇਲਨ ਤੇ ਦਲਜੀਤ ਸਿੰਘ ਜੀ ਨੇ ਸੰਗਤ ਕੀਤੀ।

ਕਾਕਾ ਸੰਤਾ ਸਿੰਘ, ਸਰਵਣ ਸਿੰਘ ਸਪੁੱਤਰ ਸੁਦਰਸ਼ਨ ਸਿੰਘ ਨੇ 'ਪ੍ਰਿਤਪਾਲ ਪ੍ਰਭ ਕਿਰਪਾਲ ਤੇਰੇ ਕਵਣ ਗੁਣ ਗਣੀ..' ਸ਼ਬਦ ਗਾਇਨ ਕੀਤਾ।

ਕਾਕਾ ਸਤਨਾਮ ਸਿੰਘ ਸਪੁੱਤਰ ਸਰਮੁਖ ਸਿੰਘ 7-8 ਸਾਲ ਦੇ ਬੱਚੇ ਨੇ ਹੱਲੇ ਦਾ ਦੀਵਾਨ ਲਗਾਇਆ। ਨਾਲ ਹਰਮੋਨੀਅਮ ਤੇ ਢੋਲਕ ਅਤੇ ਛੈਣਿਆਂ ਤੇ ਵੀ ਬੱਚਿਆਂ ਨੇ ਸੰਗਤ ਕੀਤੀ।

'ਚੀਨੀ ਵਾਲਾ ਪਿਆਰਾ ਕਰੇ ਕਮਾਲ ਨੀ ਸਈਓ,
ਮੁਰਦੇ ਜਿੰਦਾ ਕਰਦਾ, ਚਰਨਾ ਨਾਲ ਨੀ ਸਈਓ॥

ਧਾਰਣਾ ਗਾ ਕੇ, ਸਤਿਗੁਰੂ ਰਾਮ ਸਿੰਘ ਜੀ ਦਾ ਮਾਨਾਂਵਾਲੇ ਹੋਲੇ ਸਮੇਂ ਇੱਕ ਬੱਚੇ ਨੂੰ ਜ਼ਿੰਦਾ ਕਰਨ ਵਾਲਾ ਪ੍ਰਸੰਗ ਸੁਣਾਇਆ।

ਛੋਟੀ ਬੱਚੀ ਅਮਰ ਕੌਰ ਸਪੁੱਤਰੀ ਅਮੋਲਕ ਸਿੰਘ ਨੇ ਅੰਗਰੇਜ਼ੀ 'ਚ ਭਾਈ ਰਾਇ ਸਿੰਘ ਜੀ ਦੀ ਸ਼ੇਰ ਤੋਂ ਰੱਖਿਆ ਕਰਨ ਵਾਲੀ ਸਤਿਗੁਰੂ ਰਾਮ ਸਿੰਘ ਜੀ ਦੀ ਸਾਖੀ ਸੁਣਾਈ।

ਉਪਰੰਤ ਹਜ਼ੂਰੀ ਰਾਗੀ ਜਥੇ ਨੇ ਬਹੁਤ ਮਿੱਠੀ ਪੁਰਾਤਨ ਰੀਤ ਵਿੱਚ 'ਕਵਣ ਗੁਣ ਪ੍ਰਾਣ ਪਤਿ ਮਿਲਉ ਮੇਰੀ ਮਾਈ...' ਕੀਰਤਨ ਕੀਤਾ। ਅੱਜ ਸ਼ਾਮ ਦਾ ਆਖਰੀ ਦੀਵਾਨ ਹੋਣ ਕਰਕੇ ਸੰਗਤ ਦੀ ਹਾਜ਼ਰੀ ਵੀ ਭਰਪੂਰ ਸੀ ਅਤੇ ਕੁਝ ਗੈਰ

ਨਾਮਧਾਰੀ ਸੱਜਣ ਵੀ ਆਏ ਸਨ। ਵਾਇਲਨ ਵਾਦਕ ਪੰਡਿਤ ਜੀ, ਮਨਮੋਹਨ ਸਿੰਘ ਜੀ ਪੁੰਨੀ ਅਤੇ ਸ੍ਰ. ਪ੍ਰਿਤਪਾਲ ਸਿੰਘ ਜੀ ਨਾਗੀ ਕੀਰਤਨ ਸੁਣਦਿਆਂ ਵਾਰ-ਵਾਰ 'ਵਾਹ-ਵਾਹ' ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਉਪਦੇਸ਼ ਦੇਣ ਦੀ ਕਿਰਪਾ ਕੀਤੀ:

ਗੁਰ-ਉਪਦੇਸ਼:- ਸਤਿਕਾਰ ਯੋਗ ਸਾਧ ਸੰਗਤ ਜੀ ਪਿਛਲੇ ਤਿੰਨ ਚਾਰ ਦਿਨਾਂ ਤੋਂ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ, ਸਤਿ ਸੰਗਤ ਕਰਨ ਦਾ ਸਮਾਂ ਮਿਲਿਆ ਹੈ। ਤੁਸੀਂ ਬੜਾ ਉੱਦਮ ਕਰਦੇ ਹੋ, ਜੋ ਸਾਧ ਸੰਗਤ ਦੇ ਰੂਪ ਵਿਚ ਇਕੱਠੇ ਹੁੰਦੇ ਹੋ। ਆਪਾਂ ਜਿੱਥੇ ਵੀ ਇਕੱਠੇ ਹੋ ਕੇ ਸਤਿਗੁਰੂ ਸੱਚੇਪਾਤਸ਼ਾਹ ਜੀ ਦਾ, ਅਕਾਲ ਪੁਰਖ ਦਾ ਜੱਸ ਕਰਦੇ ਹਾਂ ਉਸ ਪਵਿੱਤਰ ਸਥਾਨ ਨੂੰ ਹੀ 'ਗੁਰਦੁਆਰਾ' ਕਿਹਾ ਜਾਂਦਾ ਹੈ, ਉਹੋ ਹੀ ਗੁਰੂ-ਘਰ ਹੈ। ਸਤਿਗੁਰੂ ਸੱਚੇਪਾਤਸ਼ਾਹ ਨੇ ਤੁਹਾਨੂੰ ਸੁਮੱਤ ਦਿੱਤੀ ਹੈ, ਹਿੰਮਤ ਦਿੱਤੀ ਹੈ, ਜੋ ਤੁਸੀਂ ਸਤਿਸੰਗ ਕਰਦੇ ਹੋ। ਆਪਾਂ ਤਕੜੇ ਹੋ ਕੇ ਆਪ ਏਸ ਪਾਸੇ ਲਗੇ ਰਹੀਏ ਅਤੇ ਬੱਚਿਆਂ ਨੂੰ ਵੀ ਏਸ ਪਾਸੇ ਲਾਈਏ। ਜਿਵੇਂ ਤੁਸੀਂ ਇਥੇ ਕੋਈ ਪਹਿਲੀ, ਕੋਈ ਦੂਸਰੀ ਜਾਂ ਤੀਸਰੀ ਜੈਨਰੇਸ਼ਨ ਹੋ, ਅੱਗੋਂ ਬੱਚਿਆਂ ਨੂੰ ਧਰਮ ਵੱਲ, ਸਿੱਖੀ ਵੱਲ ਲਾਉਣਾ, ਚੈਲੇਂਜ਼ ਬਣਦਾ ਜਾਂਦਾ ਹੈ ਪਰ ਜੇ ਤੁਸੀਂ ਬੱਚਿਆਂ ਨੂੰ ਸੁੱਖ ਦੇਣਾ ਚਾਹੁੰਦੇ ਹੋ ਤਾਂ ਸਿੱਖੀ ਨਾਲ ਜੋੜੀ ਰੱਖੋ।- ਉਹ ਸੁੱਖ ਕਈ ਤਰ੍ਹਾਂ ਨਾਲ ਮਿਲਦਾ ਹੈ। ਸਭ ਤੋਂ ਪਹਿਲਾਂ, ਜੇ ਤੁਹਾਡਾ ਬੱਚਾ ਨਿਰਮਾਣ ਹੋ ਗਿਆ, ਹੰਕਾਰ ਖਤਮ ਹੋ ਗਿਆ। ਕਿਉਂਕਿ ਜਿੰਨਾਂ ਚਿਰ ਹੰਕਾਰ ਘਟਦਾ ਨਹੀਂ, ਓਨਾ ਚਿਰ ਸਿੱਖੀ ਵਾਲੇ ਪਾਸੇ ਤੁਰਿਆ ਨਹੀਂ ਜਾਂਦਾ।

ਸੱਚੇ ਪਾਤਸ਼ਾਹ ਹੁਕਮ ਕਰਦੇ ਹਨ:- 'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸੈ ਇਕ ਠਾਇ॥' ਹੰਕਾਰ ਤੋਂ ਜਗ੍ਹਾ ਖਾਲੀ ਹੋਏਗੀ ਤਾਂ ਹੀ ਉਸ ਹਿਰਦੇ ਵਿਚ ਨਾਮ ਦਾ, ਅਕਾਲ ਪੁਰਖ ਦਾ ਵਾਸਾ ਹੋਵੇਗਾ। ਏਥੇ ਆਪਾਂ ਸੰਗਤ ਵਿਚ ਨਿਰਮਾਣ ਹੋ ਕੇ ਆਈਏ। ਏਥੇ ਆਪਾਂ ਕੁਛ ਲੈਣ ਆਉਣਾ ਹੈ, ਕੁਛ ਪ੍ਰਾਪਤ ਕਰਨ ਆਉਣਾ ਹੈ। ਜਦੋਂ ਬੱਚੇ ਸਿੱਖੀ ਵਾਲੇ ਪਾਸੇ ਲੱਗ ਜਾਂਦੇ ਨੇ, ਉਹ ਬਹੁਤ ਸਾਰੀਆਂ ਬੁਰਾਈਆਂ ਤੋਂ ਬੱਚ ਜਾਂਦੇ ਨੇ।- ਇਸ ਤੋਂ ਅੱਗੇ ਚਲਦੇ ਹਾਂ ਕਿ ਇਸ ਸੰਸਾਰ ਵਿਚ ਕੋਈ ਵੀ ਪੂਰਾ ਸੁਖੀ ਨਹੀਂ। ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਬਚਨ ਕਰਿਆ ਕਰਦੇ ਸਨ ਕਿ ਸੁਖ ਦੁਖ ਸਾਈਕਲ ਦੇ ਅੱਗੇ ਪਿੱਛੇ ਦੇ ਦੋ ਪਹੀਏ ਹਨ। ਇਸ ਵਿਚ ਬੈਲੇਂਸ ਕਰਕੇ ਹੀ ਚਲਿਆ ਜਾ ਸਕਦਾ ਹੈ। ਜੇ ਅਸੀਂ ਸੁਖ ਅਤੇ ਦੁਖ ਦੋਵੇਂ ਆਪਣੇ ਸਤਿਗੁਰ ਦੇ ਬਖਸ਼ੇ ਸਮਝ ਲਈਏ ਤਾਂ ਦੋਵੇਂ ਹਾਲਾਤਾਂ ਵਿਚ ਸਤਿਗੁਰੂ ਨੂੰ ਯਾਦ ਰੱਖੀਏ ਤਾਂ ਦੁਖ ਦੇ ਟਾਈਮ ਨੂੰ ਵੀ ਸੁਖ ਨਾਲ ਲੰਘਾ ਲਈਦਾ ਹੈ।

ਪਰ ਮਾਇਆ ਦੇ ਪਿੱਛੇ ਲਗ ਕੇ, ਆਪਾਂ ਖਬਰਾਂ ਪੜ੍ਹਦੇ ਰਹਿੰਦੇ ਹਾਂ, ਬਹੁਤ ਮਾਇਆ ਵਾਲੇ ਵੀ ਬੜੇ ਦੁਖੀ ਹੁੰਦੇ ਨੇ। ਕਰੋੜਾਂਪਤੀ ਬੰਦੇ ਸੁਸਾਈਡ (ਆਤਮ-ਹੱਤਿਆ) ਕਰਦੇ ਨੇ। ਜਦੋਂ ਅਸੀਂ ਬੱਚਿਆ ਨੂੰ ਨਾਲ ਲੈ ਕੇ ਸਾਧ ਸੰਗਤ ਵਿਚ ਆ ਜਾਂਦੇ ਹਾਂ, ਬੜੇ ਐਬਾਂ ਤੋਂ, ਬੜੇ ਦੁੱਖਾਂ ਤੋਂ ਬਚ ਜਾਂਦੇ ਹਾਂ। ਕੋਈ ਨਾ ਕੋਈ ਚੰਗੀ ਗੱਲ ਸਾਡੇ ਪੱਲੇ ਪੈ ਜਾਂਦੀ ਹੈ। ਸਭ ਤੋਂ ਪਹਿਲਾਂ ਸਿੱਖੀ ਸਾਨੂੰ ਹੈਵਾਨ ਤੋਂ ਇਨਸਾਨ ਬਣਾਉਂਦੀ ਹੈ। ਜੋ ਚੰਗੇ ਇਨਸਾਨ ਨਹੀਂ, ਉਹ ਸਿੱਖੀ ਦੇ ਰਸਤੇ ਤੇ ਚਲ ਨਹੀਂ ਸਕਦੇ। ਉਸ ਤੋਂ ਅੱਗੇ ਸਿੱਖ ਨਾਮ ਜਪ ਕੇ ਦੇਵਤੇ ਬਣ ਜਾਂਦੇ ਹਨ, ਪਰਮਾਤਮਾ ਦਾ ਰੂਪ ਬਣ ਜਾਂਦੇ ਹਨ। ਇਸ ਮਟੀਰੀਲਿਸਟਿਕ (ਭੌਤਿਕ) ਜਮਾਨੇ ਵਿਚ ਅਸੀਂ ਸਿੱਖੀ, ਗੁਰਬਾਣੀ, ਨਾਮ ਨਾਲ ਜੁੜਕੇ, ਇਕ ਚੰਗੇ ਇਨਸਾਨ ਤਾਂ ਬਣ ਜਾਂਦੇ ਹਾਂ। - ਸਿੱਖੀ ਵਿਚ ਸਭ ਤੋਂ ਪਹਿਲੀ ਚੀਜ਼ ਦਇਆ ਹੈ । ਜਿਸ ਦੇ ਅੰਦਰ ਦਇਆ ਨਹੀਂ ਉਹ ਸਿੱਖੀ ਦੇ ਰਸਤੇ ਤੇ ਤੁਰ ਹੀ ਨਹੀਂ ਸਕਦਾ। 'ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥' ਸੱਚੇ ਪਾਤਸ਼ਾਹ ਹੁਕਮ ਕਰਦੇ ਹਨ ਕਿ ਅਠਾਹਠ ਤੀਰਥਾਂ ਦਾ ਪੁੰਨ ਏਨੇ ਵਿਚ ਹੀ ਮਿਲ ਜਾਂਦਾ ਹੈ ਜੇ ਤੇਰੇ ਅੰਦਰ ਦਇਆ ਆ ਗਈ, ਉਹ ਦਇਆ ਹਰ ਇਕ ਵਾਸਤੇ ਹੈ, ਜੀਵ ਮਾਤਰ ਵਾਸਤੇ ਹੈ ਨਹੀਂ ਤਾਂ ਧਰਮ ਦੇ ਨਾਮ ਤੇ ਹਿੰਦੂਆਂ ਨੇ ਮੁਸਲਮਾਨਾ ਨੂੰ, ਮੁਸਲਮਾਨਾਂ ਨੇ ਹਿੰਦੂਆਂ ਨੂੰ ਮਾਰਿਆ ਹੈ। ਮੁਸਲਮਾਨਾਂ ਨੇ, ਹਿੰਦੂਆਂ ਨੇ ਸਿੱਖਾਂ ਨੂੰ ਮਾਰਿਆ ਹੈ, ਸਿੱਖਾਂ ਨੇ ਹਿੰਦੂਆਂ ਨੂੰ ਮਾਰਿਆ ਹੈ ਪਰ ਜਿਨਾ ਚਿਰ ਸਾਡੇ ਅੰਦਰ ਦਇਆ ਨਹੀਂ ਆਈ, ਅਸੀਂ ਧਰਮ ਨੂੰ ਸਮਝਿਆ ਹੀ ਨਹੀਂ। ਅਸੀਂ ਧਰਮਾਂ ਦੀਆਂ ਲੜਾਈਆਂ ਸ਼ੁਰੂ ਕਰ ਲਈਆਂ, ਅਸੀਂ ਬੱਚਿਆਂ ਨੂੰ ਵੀ ਗਲਤ ਰਸਤੇ ਤੇ ਪਾ ਦਿੱਤਾ।

ਧਰਮ ਉਹ ਹੈ- ਖਾਸ ਕਰਕੇ ਗੁਰੂ ਨਾਨਕ ਸੱਚੇ ਪਾਤਸ਼ਾਹ ਦਾ ਦੱਸਿਆ ਧਰਮ- ਇਕ ਵਾਰੀ ਬੜੇ ਪ੍ਰੇਮ ਨਾਲ ਆਖੀਏ, "ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ।"......... ਉਹ ਸੱਚੇ ਪਾਤਸ਼ਾਹ ਨੇ ਧਰਮ ਵਿੱਚੋਂ ਕੱਟੜਵਾਦ ਖਤਮ ਕਰ ਦਿੱਤਾ। ਉਨ੍ਹਾਂ ਕਿਹਾ, ਜੇ ਮੁਸਲਮਾਨ ਹੋ ਤਾਂ ਸੱਚੇ ਮੁਸਲਮਾਨ ਬਣ ਜਾਉ, ਹਿੰਦੂ ਹੋ ਤਾਂ ਚੰਗੇ ਹਿੰਦੂ ਬਣ ਜਾਉ। ਆਪਾਂ

ਏਹ ਵੇਖ ਲਈਏ ਕਿ ਜੇ ਸਾਧ ਸੰਗਤ ਵਿਚ ਆ ਕੇ ਮੇਰੇ ਅੰਦਰ ਦਇਆ ਆਉਂਦੀ ਹੈ, ਕਿਸੇ ਵਾਸਤੇ ਹਮਦਰਦੀ ਹੈ, ਮੇਰੇ ਅੰਦਰੋਂ ਹੰਕਾਰ ਘੱਟ ਰਿਹਾ ਹੈ, ਮੇਰੇ ਅੰਦਰ ਨਿਰਮਾਣਤਾ ਆਉਂਦੀ ਹੈ ਤਾਂ ਮੇਰੇ ਤੇ ਸਾਧ ਸੰਗਤ ਦਾ ਅਸਰ ਹੋ ਰਿਹਾ ਹੈ। ਸੱਚੇ ਪਾਤਸ਼ਾਹ ਹੁਕਮ ਕਰਿਆ ਕਰਦੇ ਸਨ ਕਿ ਜੇ ਕਿਸੇ ਵਿਚ ਵੇਖਣੇ ਹਨ ਤਾ ਗੁਣ ਵੇਖੋ। ਔਗੁਣ ਵੇਖਣੇ ਹਨ ਤਾਂ ਉਹ ਭੰਡਾਰਾ ਸਾਡੇ ਅੰਦਰ ਹੀ ਬਹੁਤ ਹੈ। ਜਦੋਂ ਸਾਨੂੰ ਆਪਣੇ ਔਗੁਣ ਅਤੇ ਕਿਸੇ ਦੇ ਗੁਣ ਦਿੱਸਣ ਲਗ ਜਾਂਦੇ ਹਨ। ਜਦੋਂ ਸਾਨੂੰ ਕੋਈ ਬੁਰਾ ਨਹੀਂ ਲਗਦਾ ਫੇਰ ਸਮਝੀਏ ਕਿ ਸਾਡਾ ਏਥੇ ਆਉਣਾ ਸਫਲ ਹੁੰਦਾ ਹੈ ਅਸੀਂ ਸਿੱਖੀ ਦੇ ਰਸਤੇ ਤੇ ਚਲ ਰਹੇ ਹਾਂ। ਜੇ ਨਾਮ ਜਪਦਿਆਂ ਅਨੰਦ ਆਉਣ ਲਗ ਪਿਆ ਹੈ, ਜੇ ਈਰਖਾ ਖਤਮ ਹੋ ਗਈ ਹੈ, ਤ੍ਰਿਸ਼ਨਾ ਖਤਮ ਹੋ ਗਈ ਹੈ ਤਾਂ ਖੁਸ਼ ਹੋਈਏ ਕਿ ਅੱਜ ਕਿੰਨਾ ਆਨੰਦ ਆਇਆ ਹੈ। ਇਹ ਸਿੱਖੀ ਹੈ। ਸਿੱਖੀ ਇਹ ਨਹੀਂ ਕਿ ਕੌਣ ਕੀ ਕਰਦਾ ਹੈ? ਦੂਜੇ ਧਰਮਾਂ ਵਾਲੇ ਕੀ ਕਰਦੇ ਹਨ? ਅਸੀਂ ਉਹਨਾ ਨਾਲ ਕਿਵੇਂ ਲੜਨਾ ਹੈ ? ਉਹ ਸਿੱਖੀ ਨਹੀਂ।- ਏਸ ਪਾਸੇ ਨੂੰ ਇਸ ਤਰ੍ਹਾਂ ਤੁਰੀਏ। ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਕਿ ਜੇ ਕੋਈ ਆ ਕੇ ਕਹਿੰਦਾ ਹੈ ਕਿ ਮੇਰਾ ਮਨ ਨਹੀਂ ਲਗਦਾ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਕਿਉਂਕਿ ਕੋਈ ਏਸ ਪਾਸੇ ਤੁਰਦਾ ਹੈ ਮਨ ਟਿਕਾਉਣ ਵੱਲ, ਤਾਂ ਹੀ ਪਤਾ ਲਗਦਾ ਹੈ ਕਿ ਮੇਰਾ ਮਨ ਨਹੀਂ ਲਗਦਾ। ਆਪਾਂ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਦਾ 200 ਸਾਲਾ ਪ੍ਰਕਾਸ਼ ਵਰ੍ਹਾ ਮਨਾ ਰਹੇ ਹਾਂ। ਇਕ ਵਾਰੀ ਬੜੇ ਪਿਆਰ ਨਾਲ ਆਖੀਏ, "ਧੰਨ ਸਤਿਗੁਰੂ ਹਰੀ ਸਿੰਘ ਜੀ।" ਸਤਿਗੁਰੂ ਹਰੀ ਸਿੰਘ ਜੀ ਦਾ ਬਚਨ ਹੈ ਕਿ ਤੁਸੀਂ ਨਾਮ ਸਿਮਰਨ ਕਰੀ ਜਾਉ, ਕਰਦਿਆਂ ਕਰਦਿਆਂ ਤੁਹਾਡੇ ਅੰਦਰ ਆਪਣੇ ਆਪ ਸਿੱਖੀ ਆਵੇਗੀ। ਉਹ ਸਿੱਖੀ ਦੀ ਪ੍ਰਾਪਤੀ ਕਿਰਪਾ ਨਾਲ ਹੁੰਦੀ ਹੈ ਪਰ ਅਸੀਂ ਏਸ ਪਾਸੇ ਤੁਰਨ ਦਾ ਉੱਦਮ ਤਾਂ ਕਰੀਏ।

ਸੱਚੇ ਪਾਤਸ਼ਾਹ ਦਾ ਹੁਕਮ ਹੈ-ਸਰਬ ਰੋਗ ਕਾ ਅਉਖਦੁ ਨਾਮੁ॥ ਉਹ ਅਵਸਥਾ ਉਦੋਂ ਆਉਂਦੀ ਹੈ ਜਦੋਂ ਨਾਮ ਸਾਡੇ ਅੰਦਰ ਵੱਸ ਜਾਂਦਾ ਹੈ ਅਤੇ ਵਿਕਾਰ ਅੰਦਰੋਂ ਖਤਮ ਹੋਣ ਲਗ ਜਾਂਦੇ ਹਨ। ਫੇਰ ਉਹ ਚੀਜ਼ ਹੋ ਜਾਂਦੀ ਹੈ- "ਹਰਿ ਕੋ ਨਾਮੁ ਸਦਾ ਸੁਖਦਾਈ"। ਇਹ ਅਵਸਥਾ ਕਰਦਿਆਂ ਕਰਦਿਆਂ ਬਣਦੀ ਹੈ। ਇਹ ਤੁਹਾਡਾ ਸਾਰਿਆਂ ਦਾ ਹੀ ਬੜਾ ਵੱਡਾ ਉੱਦਮ ਹੈ ਜੋ ਤੁਸੀਂ ਇਕੱਠੇ ਹੋ ਕੇ ਸਤਿਸੰਗ ਕਰਦੇ ਹੋ। ਮੈਂ ਨਾਮ ਲੈ ਦਿਆਂ ਕਿ ਸੁਖਦੇਵ ਸਿੰਘ, ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਰਹੇ। ਏਥੇ ਇਹ ਸਿੱਖੀ ਦੀ ਸੇਵਾ ਕਰ ਰਹੇ ਨੇ, ਸੱਚੇ ਪਾਤਸ਼ਾਹ ਜੀ ਦੀ ਸੇਵਾ ਕਰ ਰਹੇ ਨੇ। ਇਹ ਬੜੀ ਵੱਡੀ ਕਿਰਪਾ ਹੈ ਉਨ੍ਹਾਂ ਤੇ ਕਿਸੇ ਨੂੰ ਕੀਰਤਨ ਸਿਖਾਉਂਦੇ ਨੇ, ਕਿਸੇ ਨੂੰ ਗੁਰਬਾਣੀ ਵੱਲ ਲਾਉਂਦੇ ਨੇ। ਸੇਵਾ ਵੀ ਕਿਰਪਾ ਤੋਂ ਬਿਨਾਂ ਨਹੀਂ ਹੁੰਦੀ, ਕਈ ਵਾਰੀ ਕੋਲ ਰਹਿਣ ਵਾਲਿਆਂ ਤੋਂ ਵੀ ਨਹੀਂ ਹੁੰਦੀ। ਕਿਰਪਾ ਤੋਂ ਬਿਨਾਂ ਬਖਸ਼ਿਸ ਨਹੀਂ ਹੁੰਦੀ। ਆਪਾਂ ਵੱਧ ਤੋਂ ਵੱਧ ਕੋਸ਼ਿਸ਼ ਇਹ ਕਰੀਏ ਕਿ ਆਪਣੇ ਬੱਚਿਆਂ ਨੂੰ ਜਿੰਨਾਂ ਜਿੰਨਾਂ ਹੋ ਸਕਦਾ ਹੈ, ਥੋੜ੍ਹੀ-ਥੋੜ੍ਹੀ ਪੰਜਾਬੀ ਪੜ੍ਹਾਈਏ। ਬੱਚਿਆਂ ਨੂੰ ਏਸ ਪਾਸੇ ਲਾਈਏ ਕਿ ਉਹਨਾਂ ਨੂੰ ਗੁਰਬਾਣੀ ਦੀ ਥੋੜ੍ਹੀ-ਥੋੜ੍ਹੀ ਸਮਝ ਆਵੇ। ਬੱਚੇ ਸਵਾਲ ਪੁੱਛਣ ਕਿ ਅੱਜ ਜੋ ਸ਼ਬਦ ਪੜ੍ਹਿਆ ਹੈ ਇਸ ਦਾ ਮਤਲਬ (ਭਾਵ ਅਰਥ) ਕੀ ਹੈ? ਹੌਲੀ ਹੌਲੀ ਉਨ੍ਹਾਂ ਨੂੰ ਏਸ ਚੀਜ਼ ਦਾ ਸ਼ੌਂਕ ਪੈ ਜਾਏਗਾ। ਸਾਰਿਆਂ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬੀ ਆਉਂਦੀ ਹੋਵੇ, ਉਨ੍ਹਾਂ ਨੂੰ ਗੁਰਬਾਣੀ ਦੀ ਸਮਝ ਆਵੇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਜਦੋਂ ਅਸੀਂ ਨਾਮ ਸਿਮਰਨ ਕਰਦਿਆਂ ਨਾਲ ਗੁਰਬਾਣੀ ਪੜ੍ਹਦੇ ਹਾਂ ਤਾਂ ਅਸੀਂ ਆਪਣੇ ਰਸਤੇ ਤੋਂ ਭਟਕਦੇ ਨਹੀਂ ਕਿਉਂਕਿ ਗੁਰਬਾਣੀ ਸਾਨੂੰ ਦਸਦੀ ਰਹਿੰਦੀ ਹੈ ਕਿ ਸਿੱਖੀ ਦਾ ਰਸਤਾ ਇਹ ਹੈ।

ਇਕ ਹੋਰ ਸੱਚੇ ਪਾਤਸ਼ਾਹ ਜੀ ਦਾ ਬਚਨ ਯਾਦ ਕਰਦੇ ਹਾਂ ਕਿ ਸਾਡਾ ਜੀਅ ਕਰਦਾ ਹੈ ਕਿ ਸਾਡੇ ਬੱਚਿਆਂ ਪਾਸ ਪੈਸੇ ਸਾਡੇ ਤੋਂ ਜਿਆਦਾ ਹੋਣ, ਉਹ ਸਾਡੇ ਤੋਂ ਪੜ੍ਹੇ ਜਿਆਦਾ ਹੋਣ, ਪਰ ਸਭ ਤੋਂ ਵੱਡਾ ਦਾਨ ਸਿੱਖੀ ਦਾ ਵੀ ਜ਼ਰੂਰ ਉਨ੍ਹਾਂ ਨੂੰ ਦੇਈਏ- ਅਰਦਾਸ ਹੀ ਹੈ, ਭੁਲਦਿਆਂ ਪਤਾ ਨਹੀਂ ਲਗਦਾ, ਇਸ ਲਈ ਆਪਣੇ ਵਾਸਤੇ ਵੀ ਅਤੇ ਸਾਰੀ ਸਾਧ ਸੰਗਤ ਵਾਸਤੇ ਵੀ ਬਖਸ਼ਿਸ਼ ਮੰਗਦੇ ਹਾਂ। ਇਹ ਜੋ ਸਤਿਸੰਗ ਦੀਆਂ ਗੱਲਾਂ ਵੀ ਕਰਦੇ ਹਾਂ ਇਹ ਬਖਸ਼ਿਸ ਤੋਂ ਬਿਨਾਂ ਨਹੀਂ ਹੁੰਦੀਆਂ, ਚੰਗੇ ਕਰਮਾ ਤੋਂ ਬਿਨਾਂ ਨਹੀਂ ਹੁੰਦੀਆਂ। ਇਸ ਲਈ ਬਖਸ਼ਿਸ਼ ਮੰਗਦੇ ਹਾਂ ਕਿ ਸੱਚੇ ਪਾਤਸ਼ਾਹ ਆਪਣੇ ਦਾਨਾਂ ਵਿਚੋਂ ਸਿੱਖੀ ਦਾ ਦਾਨ ਬਖਸ਼, ਕਿਰਪਾ ਕਰ ਕਿ ਤੇਰੇ ਦੱਸੇ ਹੋਏ ਰਸਤੇ ਤੇ ਚੱਲਦੇ ਰਹੀਏ ਜਿਸ ਨਾਲ ਏਥੇ ਵੀ ਸੁਖੀ ਰਹੀਏ ਤੇ ਤੇਰੇ ਘਰ ਵੀ ਸੁਰਖਰੂ ਹੋ ਕੇ ਆ ਸਕੀਏ। ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਤੁਸੀਂ ਇਹ ਸਾਧ ਸੰਗਤ ਕਰਨ ਦਾ ਮੌਕਾ ਦਿੱਤਾ ਹੈ। ਤੁਹਾਡੇ ਕੋਲ ਰਹਿੰਦਿਆਂ ਸੱਚੇ ਪਾਤਸ਼ਾਹ ਜੀ ਦੀ ਯਾਦ ਆਈ ਹੈ। ਇਸੇ ਤਰ੍ਹਾਂ ਹੀ ਉਹਨਾਂ ਦੀ ਸਿੱਖੀ ਵੱਧਦੀ ਰਹੇ।

ਸਤਿ ਸ੍ਰੀ ਅਕਾਲ।

ਸ੍ਰੀ ਸਤਿਗੁਰੁ ਜੀ ਦੇ ਉਪਦੇਸ਼ ਉਪਰੰਤ ਕੀਰਤਨ ਦੀ, ਦੀਵਾਨ ਦੀ ਅਰਦਾਸ ਹੋਈ। ਨਿਊ ਯਾਰਕ ਵਿਖੇ ਸ਼ਾਮ ਦਾ ਪ੍ਰੋਗਰਾਮ ਅੱਜ ਦਾ ਆਖਰੀ ਪ੍ਰੋਗਰਾਮ ਸੀ ਇਸ ਲਈ ਨਾਮਧਾਰੀ ਅਤੇ ਗੈਰ-ਨਾਮਧਾਰੀ ਸੰਗਤ ਦੀ ਵੀ ਭਰਪੂਰ ਹਾਜ਼ਰੀ ਸੀ। ਸ੍ਰ: ਪ੍ਰਿਤਪਾਲ ਸਿੰਘ ਜੀ ਨਾਗੀ ਸਤਿਗੁਰੂ ਜੀ ਦੇ ਸਨਮੁਖ ਹੋ ਅਰਜ਼ ਕੀਤੀ ਕਿ ਮੇਰੀ ਬੇਟੀ ਦਾ ਅਨੰਦ ਕਾਰਜ ਹੈ, ਸੱਦਾ-ਪੱਤਰ ਭੇਂਟ ਕੀਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਮੈਂ ਤਾਂ ਇਥੇ ਹੋਵਾਂਗਾ ਨਹੀਂ ਸਾਡੇ ਵੱਲੋਂ ਸੰਗਤ ਆ ਜਾਵੇਗੀ। ਸ੍ਰੀ ਸਤਿਗੁਰੂ ਜੀ ਨੇ ਸੁਖਦੇਵ ਸਿੰਘ, ਸੁਦਰਸ਼ਨ ਸਿੰਘ ਅਤੇ ਸ਼ੇਰ ਸਿੰਘ ਜੀ ਚਾਵਲਾ ਨੂੰ ਹੁਕਮ ਕੀਤਾ ਕਿ ਤੁਸੀਂ ਸਾਰੇ ਪਰਿਵਾਰਾਂ ਸਮੇਤ ਨਾਗੀ ਸਾਹਿਬ ਦੀ ਪੁੱਤ੍ਰੀ ਦੇ ਆਨੰਦ ਕਾਰਜ ਤੇ ਜਾਇਓ। ਨਾਗੀ ਜੀ ਨੇ ਅਰਜ਼ ਕੀਤੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਬੜੀ ਕਿਰਪਾ ਕਰਦੇ ਸਨ, ਨਿਊਜ਼ਰਸੀ ਸਾਡੇ ਘਰ ਨਾਮ ਸਿਮਰਨ ਅਤੇ ਸ਼ਾਮ ਦਾ ਕੀਰਤਨ ਕਰਨ ਦੀ ਵੀ ਕਿਰਪਾ ਕੀਤੀ । ਮੈਂ ਅਰਜ਼ ਕੀਤੀ ਕਿ ਪਹਿਲਾਂ ਬੇਟੀਆਂ ਹੀ ਹਨ ਇਕ ਭੁਜੰਗੀ ਦੀ ਦਾਤ ਵੀ ਬਖਸ਼ੋ! ਬਚਨ ਹੋਇਆ, "ਬਹੁਤ ਕਾਹਲੀ ਹੈ।"ਹੁਕਮ ਹੋਇਆ, "ਨਾਮ ਜੱਪਿਆ ਕਰੋ।" ਕਲ ਨੂੰ ਆਸਾ ਦੀ ਵਾਰ ਵਿਚ ਅਰਦਾਸ ਹੋ ਜਾਵੇਗੀ। ਸੋ ਬਚਨ ਸੀ ਬਹੁਤ ਕਾਹਲੀ ਹੈ। ਅਰਜ਼ ਕਰਨ ਤੋਂ ਪੂਰੇ ਸੱਤ ਮਹੀਨਿਆਂ ਬਾਅਦ ਪੁੱਤਰ ਦਾ ਜਨਮ ਹੋਇਆ। ਉਸੇ ਦਿਨ ਹੀ ਸਤਿਗੁਰੂ ਜੀ ਦਾ ਥਾਈਲੈਂਡ ਤੋਂ ਫੋਨ ਆ ਗਿਆ, ਖੁਸ਼ੀਆਂ ਬਖਸ਼ੀਆਂ। ਕਾਕੇ ਦਾ ਨਾਮ ਜੈ ਬੀਰ ਸਿੰਘ ਰੱਖਿਆ।ਨਾਗੀ ਸਾਹਿਬ ਸਾਬਤ ਸੂਰਤ ਗੁਰਸਿੱਖ ਹਨ। ਨਿਊਜ਼ਰਸੀ ਗੁਰਦੁਆਰਾ ਇਹਨਾਂ ਦੇ ਪ੍ਰਬੰਧ ਹੇਠ ਹੀ ਹੈ। ਇਨ੍ਹਾਂ ਨੇ ਉਸ ਗੁਰਦੁਆਰੇ ਵਿਚ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਪਵਾਏ। ਕੁਝ ਹੋਰ ਸੰਗਤਾਂ ਨਾਲ ਵੀ ਬਚਨ ਬਿਲਾਸ ਹੋਏ। ਗੁਰਦੁਆਰੇ ਪੰਗਤਾਂ ਲੱਗ ਗਈਆ, ਲੰਗਰ ਵਰਤਿਆ।

ਸ੍ਰੀ ਸਤਿਗੁਰੂ ਜੀ ਗੁਰਦੁਆਰੇ ਦੇ ਬਾਹਰ ਗੱਡੀਆਂ ਪਾਸ ਆਏ ਕਿ ਪੰਜ ਬੱਚੇ (ਟੀਨ-ਏਜ਼ਰ) ਖੜ੍ਹੇ ਸਨ ਸ੍ਰੀ ਸਤਿਗੁਰੂ ਜੀ ਨਾਲ ਫੋਟੋ ਖਿਚਵਾਉਣ ਲਈ। ਇਹਨਾਂ ਪੰਜਾਂ ਸਿੰਘਾਂ ਨੇ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰ ਖਿਚਵਾਈ।(1) ਸੰਤਾ ਸਿੰਘ ਸਪੁੱਤਰ ਸਰਬਜੀਤ ਸਿੰਘ 'ਬੰਟੀ' ਸ੍ਰੀ ਭੈਣੀ ਸਾਹਿਬ (2) ਸੰਤਾ ਸਿੰਘ ਸਪੁੱਤਰ ਸੁਦਰਸ਼ਨ ਸਿੰਘ (3) ਸੰਤਾ ਸਿੰਘ ਸਪੁੱਤਰ ਸਰਮੁਖ ਸਿੰਘ (4) ਸੰਤਾ ਸਿੰਘ ਪੋਤਰਾ ਗੁਰਮੀਤ ਸਿੰਘ ਸ਼ਿਕਾਗੋ (5) ਸੰਤਾ ਸਿੰਘ ਪੁੱਤਰ ਸੁਖਬੀਰ ਸਿੰਘ 'ਫੌਜੀ'।

ਗੁਰਦੁਆਰੇ ਸੰਗਤਾਂ ਨੂੰ ਖੁਸ਼ੀਆਂ ਬਖਸ਼ਦੇ ਸ੍ਰੀ ਸਤਿਗੁਰੂ ਜੀ ਸ੍ਰ; ਬਲਵਿੰਦਰ ਸਿੰਘ ਜੀ ਦੇ ਰੈਸਟੋਰੈਂਟ 'ਸਤਿਗੁਰੂ ਸਵੀਟਸ' ਵਿਖੇ ਚਰਨ ਪਾਏ। 'ਸਤਿਗੁਰੂ-ਸਵੀਟਸ' ਨਿਊਯਾਰਕ ਵਿਚ ਬਹੁਤ ਵਧੀਆ ਅਤੇ ਵੱਡਾ ਰੈਸਟੋਰੈਂਟ ਹੈ। ਸਾਰਾ ਪ੍ਰਵਾਰ ਚਰਨੀਂ ਲੱਗੇ। ਇਥੇ ਹੀ ਸ੍ਰੀ ਸਤਿਗੁਰੂ ਜੀ ਨੇ ਜਲ ਪਾਣੀ ਛਕਿਆ। ਉਪਰੰਤ ਡੇਰੇ ਆਏ ਕੁਝ ਸ੍ਰਰੀਰਾਂ ਨੇ ਅਰਜ਼ਾਂ ਬੇਨਤੀਆਂ ਕੀਤੀਆਂ। ਸ੍ਰ; ਦਵਿੰਦਰ ਸਿੰਘ(ਹੈਦਰਾਬਾਦ ਤਰਨਜੀਤ ਸਿੰਘ ਦਾ ਭਰਾ)ਪਤਨੀ ਸਹਿਤ ਆਏ, ਅਰਜ਼ ਬੇਨਤੀ ਕੀਤੀ। ਖੁਸ਼ੀਆਂ ਪ੍ਰਾਪਤ ਕਰਕੇ ਸੰਗਤਾਂ ਘਰੋ ਘਰੀਂ ਚੱਲੀਆਂ ਗਈਆਂ।

8 ਜੁਲਾਈ ਸੋਮਵਾਰ-ਨਿਊਯਾਰਕ-ਅਟਲਾਂਟਾ-ਨਿਊਯਾਰਕ

ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਨੇ ਗੁਰਦੁਆਰੇ ਵਿਖੇ ਕੀਤਾ। ਉਪਰੰਤ ਪ੍ਰਧਾਨ ਸਵਰਣ ਸਿੰਘ ਦੇ ਗ੍ਰਹਿ ਵਿਖੇ ਕਿਰਪਾ ਕੀਤੀ। ਇਕ ਨਾਮਧਾਰੀ ਨੌਜਵਾਨ ਜੋੜੀ ਪਤੀ ਪਤਨੀ ਦਾ ਆਪਸੀ ਝਗੜਾ ਸੁਲਝਾਉਣ ਲਈ ਸ੍ਰੀ ਸਤਿਗੁਰੂ ਜੀ ਨੇ ਕਰੀਬ ਪੌਣਾ ਘੰਟਾ ਉਹਨਾਂ ਨਾਲ ਬਚਨ ਬਿਲਾਸ ਕਰਦਿਆਂ ਸਮਝਾਇਆ। ਨਾਮਧਾਰੀ ਨੌਜਵਾਨ ਲੜਕੇ ਲੜਕੀਆਂ ਦੇ ਵਿਵਾਹਿਤ ਜੀਵਨ ਦੀਆਂ ਉਲਝਣਾਂ, ਸੁਲਝਾਉਨ ਲਈ ਸ੍ਰੀ ਸਤਿਗੁਰੂ ਜੀ ਬਹੁਤ ਸਮਾਂ ਦੇਂਦੇ ਰਹੇ ਤਾਂਕਿ ਕਿਸੇ ਤਰ੍ਹਾਂ ਰਿਸ਼ਤੇ ਟੁੱਟਣੋ ਬੱਚ ਜਾਣ। ਕਈਆਂ ਬੱਚੇ ਬੱਚੀਆਂ ਦੇ ਰਿਸ਼ਤੇ ਜੋ ਤਲਾਕ ਤੱਕ ਪੁੱਜ ਚੁੱਕੇ ਸਨ, ਸ੍ਰੀ ਸਤਿਗੁਰੂ ਜੀ ਦੇ ਦਖਲ ਦੇਣ ਅਤੇ ਸਮਝਾਉਣ ਕਰਕੇ ਕੇਵਲ ਟੁੱਟਣੋਂ ਹੀ ਨਹੀਂ ਬਚੇ, ਸੁਖੀ ਸਾਂਦੀ ਵੱਸਦੇ ਵੀ ਹਨ।

ਪ੍ਰਧਾਨ ਜੀ ਦੇ ਘਰ ਹੀ ਸ੍ਰੀ ਸਤਿਗੁਰੂ ਜੀ ਨੇ ਲੰਗਰ ਛੱਕਿਆ, ਬਚਨ ਬਿਲਾਸ ਕੀਤੇ। ਉਪਰੰਤ ਲੁਗਾੜੀਆਂ ਏਅਰ ਪੋਰਟ ਤੋਂ ਸ੍ਰੀ ਸਤਿਗੁਰੂ ਜੀ ਦੇ ਨਾਲ ਆਪ ਜੀ ਦੇ ਮਹਿਲ ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ,ਪਧਾਨ ਸਰਵਣ ਸਿੰਘ ਪ੍ਰਧਾਨ ਅਮਰਜੀਤ ਸਿੰਘ, ਸੁਦਰਸ਼ਨ ਸਿੰਘ, ਸਰਮੁਖ ਸਿੰਘ, ਡਾ: ਅਮਨਪ੍ਰੀਤ ਸਿੰਘ ਅਤੇ ਅਨਮੋਲਕ ਸਿੰਘ ਯੂਨਾਈਟਿਡ ਏਓਰ ਲਾਈਨ ਦੇ ਜਹਾਜ਼ ਤੇ ਏਲਾਟਾ ਵਾਸਤੇ ਰਵਾਨਾ ਹੋਏ। ਕ੍ਰੀਬ ਢਾਈ ਘੰਟੇ ਦਾ ਹਵਾਈ ਸਫਰ ਕਰਕੇ ਗ੍ਰੀਬ ਨਿਵਾਜ A T L ਏਅਰਪੋਰਟ (ਅਟਲਾਂਟਾ) ਪੁੱਜੇ। ਸ੍ਰ: ਇੰਦਰਜੀਤ ਸਿੰਘ ਜੀ ਭੱਟੀ ਪੂਰੇ ਪ੍ਰਵਾਰ ਅਤੇ ਸਕਿਓਰਟੀ ਦੇ ਅਮਲੇ ਸਾਹਿਤ ਸਵਾਗਤ ਲਈ ਹਾਜਰ ਸਨ। ਫੁੱਲਾਂ ਅਤੇ ਚਾਵਾਂ ਨਾਲ ਪੂਰੇ ਪਰਿਵਾਰ ਨੇ ਗੁਰ-ਅਭਿਨੰਦਨ ਕੀਤਾ। ਭੱਟੀ ਪ੍ਰਵਾਰ ਪਿਛੋਂ ਨੈਰੋਬੀ ਤੋਂ ਆਏ ਹਨ। ਏਥੇ ਇਕੱਲਾ ਹੀ ਨਾਮਧਾਰੀ ਪਰਵਾਰ ਹੈ। ਸ੍ਰ. ਇੰਦਰਜੀਤ ਸਿੰਘ ਸ਼ਰਧਾਲੂ ਗੁਰਸਿੱਖ ਹੈ।

ਆਪ ਨੂੰ ਨੈਰੋਬੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੌਰਿਆਂ ਸਮੇਂ ਸਤਿਗੁਰੂ ਜੀ ਦੀ ਗੱਡੀ ਚਲਾਉਣ ਦਾ ਸੇਵਾ ਸੁਭਾਗ ਵੀ ਪ੍ਰਾਪਤ ਹੁੰਦਾ ਰਿਹਾ ਅਟਲਾਂਟਾ ਵਿਖੇ ਭੱਟੀ ਪ੍ਰਵਾਰ ਦਾ ਵਧੀਆ ਕਾਰੋਬਾਰ ਹੈ।

ਸ੍ਰੀ ਸਤਿਗੁਰੂ ਜੀ ਏਅਰਪੋਰਟ ਤੋਂ ਰਵਾਨਾ ਹੋਏ। ਵੀ.ਵੀ.ਆਈ.ਪੀ. ਸਕਿਓਰਟੀ ਦਾ ਪ੍ਰਬੰਧ ਸੀ। ਸਭ ਤੋਂ ਅੱਗੇ ਐਸਕੋਰਟ ਕਰਨ ਵਾਸਤੇ ਸਕਿਓਰਟੀ ਦੇ ਦੋ ਮੋਟਰ ਸਾਈਕਲ, ਪਿਛੇ ਸਕਿਓਰਟੀ ਕਾਰ, ਉਸ ਤੋਂ ਪਿੱਛੇ ਸ੍ਰੀ ਸਤਿਗੁਰੂ ਜੀ ਅਤੇ ਸਿੱਖਾਂ ਸੇਵਕਾਂ ਵਾਸਤੇ ਤਿੰਨ ਮਰਸੀਡੀਜ਼ ਕਾਰਾਂ, ਫੇਰ ਪਿਛੇ ਸਕਿਓਰਟੀ ਕਾਰ, ਜਿਵੇਂ ਪ੍ਰੈਜ਼ੀਡੈਂਟ ਦਾ ਕਾਫਲਾ ਜਾ ਰਿਹਾ ਹੋਵੇ। ਲਾਈਟਾਂ ਤੇ ਸਾਰਾ ਟ੍ਰੈਫਿਕ ਰੋਕ ਕੇ ਗੱਡੀਆਂ ਲੰਘਾਈਆਂ ਜਾਂਦੀਆਂ ਸਨ। ਕਿਸੇ ਰੈੱਡ ਲਾਈਟਾਂ ਤੇ ਰੁਕਣਾ ਨਹੀਂ ਪਿਆ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਭੱਟੀ ਜੀ ਦੀ ਕਾਰਾਂ ਦੀ ਵਰਕਸ਼ਾਪ Plantinum Automatic Centre ਵਿਖੇ ਚਰਨ ਪਾਏ। ਭੱਟੀ ਦਾ ਬੇਟਾ ਸੁਖਦੀਪ ਸਿੰਘ ਵਰਕਸ਼ਾਪ ਮੈਨੇਜ਼ ਕਰਦਾ ਹੈ।

ਉਪਰੰਤ ਅਟਲਾਂਟਾ ਸਪਾਈਨ ਹੋਸਪੀਟਲ ਵਿਖੇ ਕਿਰਪਾ ਕੀਤੀ। ਇਹ ਭੱਟੀ ਜੀ ਦੇ ਵੱਡੇ ਬੇਟੇ ਡਾ: ਹਰਵਿੰਦਰ ਸਿੰਘ ਭੱਟੀ ਦਾ ਹਸਪਤਾਲ ਹੈ, ਜੋ ਕਿ ਆਪ ਇਕ ਪ੍ਰਸਿੱਧ ਸਪਾਈਨ ਸਰਜਨ ਹੈ। ਸਕਿਓਰਟੀ ਦਾ ਸਾਰਾ ਪ੍ਰਬੰਧ ਡਾ: ਭੱਟੀ ਦੀ ਬਦੌਲਤ ਹੀ ਹੋ ਸਕਿਆ। ਸ੍ਰੀ ਸਤਿਗੁਰੂ ਜੀ ਨੂੰ ਡਾ: ਭੱਟੀ ਜੀ ਨੇ ਸਾਰਾ ਹਸਪਤਾਲ ਅਤੇ ਇਸ ਦੀ ਕਾਰਗੁਜਾਰੀ ਬਾਰੇ ਵਿਸਥਾਰ ਸਹਿਤ ਬੇਨਤੀ ਕੀਤੀ। ਉਪਰੰਤ ਗ੍ਰੀਬ ਨਿਵਾਜ ਭੱਟੀ ਪ੍ਰਵਾਰ ਦੇ ਗ੍ਰਹਿ ਵਿਖੇ ਚਰਨ ਪਾਏ। ਸਾਰਾ ਪਰਵਾਰ ਚਰਨੀਂ ਲੱਗਿਆ।

ਸ੍ਰ. ਇੰਦਰਜੀਤ ਸਿੰਘ ਭੱਟੀ ਪਤਨੀ ਬੀਬੀ ਅੰਮ੍ਰਿਤ ਕੌਰ ਸਪੁੱਤਰ ਡਾ: ਹਰਵਿੰਦਰ ਸਿੰਘ ਦੇ ਛੋਟੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਕੁਝ ਸੁਣਾਉਣ ਲਈ ਬੇਨਤੀ ਕੀਤੀ। ਸੱਤ ਕੁ ਸਾਲ ਦੀ ਬੱਚੀ ਹੀਰ ਕੌਰ ਨੇ ਹੱਥ ਜੋੜ ਕੇ ਬੜੇ ਪ੍ਰੇਮ ਨਾਲ ਅਰਦਾਸ ਸੁਣਾਈ ਅਤੇ ਤਿੰਨ ਸਾਲ ਦੇ ਕਾਕਾ ਹਿੰਮਤ ਸਿੰਘ ਨੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਦੋ-ਤਿੰਨ ਪਉੜੀਆਂ ਦਾ ਪਾਠ ਸੁਣਾਇਆ। ਸ੍ਰੀ ਸਤਿਗੁਰੂ ਜੀ ਬਹੁਤ ਖੁਸ਼ੀਆਂ ਬਖਸ਼ੀਆਂ। ਬੱਚਿਆਂ ਦੇ ਨਾਲ ਹੀ ਸ਼ਾਬਾਸ ਮਿਲੀ ਬੱਚਿਆਂ ਦੀ ਮਾਂ ਬੀਬੀ ਕੁਲਵੰਤ ਕੌਰ ਨੂੰ, ਜਿਸ ਨੇ ਬੱਚਿਆਂ ਨੂੰ ਨਾਮ-ਬਾਣੀ ਅਤੇ ਸਿੱਖੀ ਨਾਲ ਜੋੜਿਆ ਹੋਇਆ ਹੈ। ਬੀਬੀ ਕੁਲਵੰਤ ਕੌਰ ਨੂੰ ਸਿੱਖੀ ਦੀ ਗੁੜ੍ਹਤੀ ਆਪਣੇ ਪੇਕੇ ਪ੍ਰਵਾਰ ਪਿਤਾ ਸ੍ਰ: ਭੁਪਿੰਦਰ ਸਿੰਘ ਜੀ ਮਣਕੂ ਅਤੇ ਆਪਣੀ ਮਾਤਾ ਤੋਂ ਵਿਰਸੇ ਵਿਚੋਂ ਪ੍ਰਾਪਤ ਹੋਈ। ਇਥੇ ਹੀ ਸ੍ਰੀ ਸਤਿਗੁਰੁ ਜੀ ਨੇ ਜਲ ਪਾਣੀ ਛਕਿਆ। ਕਿਉਂਕਿ ਸ੍ਰੀ ਸਤਿਗੁਰੂ ਜੀ ਨੇ ਅੱਜ ਹੀ ਵਾਪਸ ਵਾਪਸ ਨਿਊਯਾਰਕ ਜਾਣਾ ਸੀ। ਅਜੇ ਇਕ ਹੋਰ ਜਗ੍ਹਾ-ਫਾਰਮ ਤੇ ਚਰਨ ਪਾਉਣੇ ਸਨ। ਇਸ ਲਈ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਰਵਾਨਾ ਹੋਏ।

ਹਰਿਆਵਲ ਭਰਪੂਰ 30 ਕੁ ਏਕੜ ਦੇ ਫਾਰਮ ਹਾਊਸ ਵਿਚ ਸੁੰਦਰ ਘਰ ਵੀ ਬਣਿਆ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੇ ਕੁਝ ਸਮਾਂ ਫਰਾਮ ਹਾਊਸ ਵਿਚ ਭੱਟੀ ਪ੍ਰਵਾਰ ਨਾਲ ਬਚਨ ਬਿਲਾਸ ਕਰਦਿਆਂ ਬਿਤਾਇਆ। ਸ੍ਰ: ਇੰਦਰਪਾਲ ਸਿੰਘ ਜੀ ਅੱਜ ਬਾਗੋਬਾਗ ਸਨ, ਖੁਸ਼ੀ ਸੀ ਕਿ ਸੰਭਾਲੀ ਨਹੀਂ ਸੀ ਜਾ ਰਹੀ। ਘਰ, ਫਾਰਮ ਹਾਊਸ, ਹਸਪਤਾਲ, ਵਰਕਸ਼ਾਪ ਸਾਰੀਆਂ ਥਾਵਾਂ ਗੁਰਚਰਨਾਂ ਦੀ ਛੁਹ ਪਾ ਸੁਹਾਵੀਆਂ ਹੋ ਗਈਆਂ ਸਨ। ਭੱਟੀ ਪ੍ਰਵਾਰ ਸਰੀਰੋਂ ਜਿੱਡੇ ਖੁੱਲੇ ਹਨ ਅਤੇ ਵੱਡੇ ਡੀਲ-ਡੌਲ ਵਾਲੇ ਹਨ, ਉਨਾਂ ਵੱਡਾ ਹੀ ਦਿਲ ਹੈ ਅਤੇ ਓਡੇ ਹੀ ਵੱਡੇ ਕਾਰੋਬਾਰਾਂ ਦੇ ਮਾਲਕ ਹਨ, ਟਕਸਾਲੀ ਗੁਰਸਿੱਖ ਹਨ, ਗੁਰਚਰਨਾ ਦੇ ਪ੍ਰੇਮੀਂ ਅਤੇ ਗੁਰੂ ਕੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ, ਵੱਡਭਾਗੇ ਗੁਰਮੁਖ ਪਿਆਰੇ ਹਨ ਸ੍ਰ; ਇੰਦਰ ਪਾਲ ਸਿੰਘ ਜੀ ਅਤੇ ਆਪ ਦਾ ਪ੍ਰਵਾਰ।

ਸ੍ਰੀ ਸਤਿਗੁਰੂ ਜੀ ਫਾਰਮ ਹਾਊਸ ਤੋਂ ਸਿੱਧਾ ਏਅਰ ਪੋਰਟ ਤੇ ਆਏ ਅਤੇ ਰਾਤ ਕ੍ਰੀਬ 9:30 ਵਜੇ JFK Airport ਤੇ ਨਿਊਯਾਰਕ ਪੁੱਜੇ ਸੰਗਤਾਂ ਦਰਸਨ ਪਰਸਨ ਏਅਰ ਪੋਰਟ ਤੇ ਪੁੱਜੀਆਂ। ਸੰਗਤਾਂ ਨੂੰ ਨਿਵਾਜ਼ਦੇ ਸ੍ਰੀ ਸਤਿਗੁਰੂ ਜੀ ਡੇਰੇ ਆ ਕੇ ਜਲ ਪਾਣੀ ਛਕਿਆ ਅਤੇ ਅਰਾਮ ਕੀਤਾ।

9 ਜੁਲਾਈ ਮੰਗਲਵਾਰ

ਸੁਖਦੇਵ ਸਿੰਘ ਦੇ ਗ੍ਰਹਿ ਵਿਖੇ ਡੇਰੇ ਹੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਤੋਂ ਆਸਾ ਦੀ ਵਾਰ ਸੁਣੀ। 5 ਵਜੇ ਘਰੋਂ ਏਅਰ ਪੋਰਟ ਵਾਸਤੇ ਰਵਾਨਾ ਹੋਏ। ਸ੍ਰੀ ਸਤਿਗੁਰੂ ਜੀ ਦੇ ਨਾਲ ਮਾਤਾ ਗੁਰਸ਼ਰਨ ਕੌਰ ਜੀ , ਸੇਵਕ ਕਰਤਾਰ ਸਿੰਘ ਜੀ, ਅੰਮ੍ਰਿਤਪਾਲ ਸਿੰਘ ਕੱਲਾ ਏਅਰ ਪੋਰਟ ਕੈਨੇਡਾ ਤੋਂ ਵੈਨਕੂਵਰ ਵਾਸਤੇ ਰਵਾਨਾ ਹੋਏ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਨੇਡਾ ਦਾ ਪੰਜਵਾਂ ਦੌਰਾ (9 ਤੋਂ 11 ਜੁਲਾਈ ਦੀ ਰਿਪੋਰਟ ਗੁਰਨਾਮ ਸਿੰਘ ਹੋਠੀਆਂ ਵੱਲੋਂ)

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿੱਖੀ ਫੁਲਵਾੜੀ ਨੂੰ ਹਰਿਆ ਭਰਿਆ ਰੱਖਣ ਲਈ ਜੁਲਾਈ 2019 ਨੂੰ ਪੰਜਵੀ ਵਾਰ

ਕਨੇਡਾ ਵਿਚ ਦਰਸ ਪਿਆਸੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਮਹਾਨ ਕ੍ਰਿਪਾਲਤਾ ਕੀਤੀ।

9 ਜੁਲਾਈ 2019- ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ, ਹਜ਼ੂਰੀ ਸੇਵਕਾਂ ਅਤੇ ਰਾਗੀਆਂ ਸਮੇਤ 9 ਜੁਲਾਈ 2019 ਨੂੰ ਵੈਨਕੂਵਰ ਦੀ ਧਰਤੀ ਤੇ ਆਣ ਦਰਸ਼ਨ ਦਿੱਤੇ। ਕਾਫੀ ਸੰਗਤ ਸਤਿਗੁਰੂ ਜੀ ਦੇ ਸਵਾਗਤ ਲਈ ਏਅਰਪੋਰਟ ਤੇ 10 ਵਜੇ ਤੋਂ ਹੀ ਪਹੁੰਚਣੀ ਸ਼ੁਰੂ ਹੋ ਗਈ ਸੀ। ਲਗਪਗ 100 ਸਰੀਰ ਸਤਿਗੁਰੂ ਜੀ ਦੇ ਆਉਣ ਤੱਕ ਅੱਖਾਂ ਵਿਛਾਈ ਹੱਥਾਂ ਵਿੱਚ ਫੁੱਲਾਂ ਦੇ ਬੁੱਕੇ ਜਾਂ ਹਾਰ ਫੜ ਕੇ ਸਤਿਗੁਰੂ ਜੀ ਨੂੰ ਜੀਓ ਆਇਆ ਆਖਣ ਲਈ ਤਿਆਰ ਸਨ।

ਸਤਿਗੁਰੂ ਜੀ ਦੇ ਲਈ ਏਅਰ ਪੋਰਟ ਤੇ ਹੀ ਕੁਝ ਜਗਾ ਰਾਖਵੀਂ ਰੱਖੀ ਗਈ ਸੀ। ਸਤਿਗੁਰੂ ਜੀ ਆਉਂਦਿਆਂ ਹੀ ਪਿਆਰ ਭਰੀ ਮੁਸਕਰਾਟ ਨਾਲ ਸਭਨਾ ਨੂੰ ਨਿਵਾਜਿਆ । ਸਾਰੀ ਸੰਗਤ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ , ਸਤਿਗੁਰੂ ਜੀ ਸਭ ਨੂੰ ਸੁੱਖ ਸਾਂਦ ਪੁੱਛ ਰਹੇ ਸਨ। ਹਰ ਕੋਈ ਆਪਣੇ ਆਪ ਨੂੰ ਧੰਨਭਾਗੀ ਸਮਝ ਰਿਹਾ ਸੀ। ਪ੍ਰਭਦੀਪ ਸਿੰਘ ਦੀ ਗੱਡੀ ਤੇ ਸਤਿਗੁਰੂ ਜੀ, ਮਾਤਾ ਜੀ ਸਹਿਤ ਸਵਾਰ ਹੋ ਕੇ ਸੁਰਿੰਦਰ ਸਿੰਘ ਰੂਪਾ ਦੇ ਘਰ ਵੱਲ, ਜਿੱਥੇ ਡੇਰਾ ਸੀ ਰਵਾਨਾ ਹੋ ਗਏ। ਸੁਰਿੰਦਰ ਸਿੰਘ ਦੀਆਂ ਬੱਚੀਆਂ ਨੇ ਘਰ ਨੂੰ ਖੂਬ ਸਜਾਇਆ ਹੋਇਆ ਸੀ। ਸਤਿਗੁਰੂ ਜੀ ਕੁਝ ਸਮਾਂ ਘਰ ਵਿਚ ਪਰਿਵਾਰ ਤੇ ਸੰਗਤ ਨੂੰ ਦਰਸ਼ਨ ਦੇਣ ਤੋਂ ਬਾਅਦ ਜਲ ਪਾਣੀ ਛਕ, ਅਰਾਮ ਕੀਤਾ।

ਵੈਨਕੂਵਰ ਦੀ ਸਾਰੀ ਸੰਗਤ ਕਾਫੀ ਦਿਨਾਂ ਤੋਂ ਸਤਿਗੁਰੂ ਜੀ ਦੇ ਦੌਰੇ ਦੀਆਂ ਤਿਆਰੀਆਂ ਕਰ ਰਹੀ ਸੀ। ਨਾਮਧਾਰੀ ਧਰਮਸ਼ਾਲਾ ਸਰੀ, ਦੇ ਬਾਹਰਵਾਰ ਵੱਡਾ ਪੰਡਾਲ ਸਜਾਇਆ ਹੋਇਆ ਸੀ । ਸਤਿਗੁਰੂ ਜੀ ਦੇ ਸ਼ਾਮੀਂ 6 ਵਜੇ ਪੰਡਾਲ ਵਿਚ ਪਹੁੰਚਣ ਤੇ ਸਾਰੀ ਸੰਗਤ ਨੇ ਖੜੇ ਹੋ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਸ੍ਰੀ ਸਤਿਗੁਰੂ ਜੀ ਦਾ ਸਵਾਗਤਟ ਕੀਤਾ। ਨਾਮ ਸਿਮਰਨ ਸਮੇਂ ਆਰੰਭ ਅਤੇ ਸਮਾਪਤੀ ਦੀ ਅਰਦਾਸ 8 ਕੁ ਸਾਲ ਦੇ ਬੱਚੇ ਅਜੀਤ ਸਿੰਘ ਕੀਤੀ। ਸੰਤ ਨਿਸ਼ਾਨ ਸਿੰਘ ਜੀ ਕਥਾਕਾਰ ਨੇ 6 ਤੋਂ 7 ਨਿਤਨੇਮ ਦੌਰਾਨ ਕਥਾ ਕਰਦਿਆਂ ਸ਼ਹੀਦ ਮਨੀ ਸਿੰਘ ਜੀ ਦੇ ਜੀਵਨ ਅਤੇ ਅਦੁੱਤੀ ਕੁਰਬਾਨੀ ਬਾਰੇ ਬੜੇ ਵਿਸਥਾਰ ਸਹਿਤ ਦੱਸਿਆ ਕਿ ਭਾਈ ਮਨੀ ਸਿੰਘ ਜੀ ਸਤਿਗੁਰੂ ਤੇਗ ਬਹਾਦਰ ਜੀ ਦੇ ਸਮੇਂ ਬਾਣੀ ਦੀਆਂ ਪੋਥੀਆਂ ਲਿਖਿਆ ਕਰਦੇ ਸਨ ਅਤੇ ਸੰਗਤਾਂ ਵਿਚ ਵੰਡ ਦਿਆ ਕਰਦੇ ਸੀ। ਇਹਨਾਂ ਦੇ ਹੀ ਪੁੱਤਰ ਬਚਿੱਤਰ ਸਿੰਘ ਨੇ ਪਹਾੜੀ ਰਾਜਿਆਂ ਦੇ ਮਸਤ ਹਾਥੀ ਦਾ ਮੁਕਾਬਲਾ ਕੀਤਾ। ਦੂਸਰੇ ਪੁੱਤਰ ਉਦੇ ਸਿੰਘ ਜੀ ਵੀ ਬੜੀ ਬਹਾਦਰੀ ਨਾਲ ਸ਼ਹਾਦਤ ਪ੍ਰਾਪਤ ਕੀਤੀ ਸੀ। ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ ਅਤੇ ਸਾਥੀਆਂ ਨੇ ਮਿਲ ਕੇ ਕੀਰਤਨ ਕੀਤਾ।

ਅੱਜ ਸ਼ਾਮ ਦੇ ਪ੍ਰੋਗਰਾਮ ਵਿੱਚ ਸਰੀ ਸੈਂਟਰਲ ਦੇ ਮੈਂਬਰ ਪਾਰਲੀਮੈਂਟ ਸ੍ਰੀ ਰਣਦੀਪ ਸਿੰਘ ਸਰਾਂ ਸਤਿਗੁਰੂ ਜੀ ਦੇ ਚਰਨ ਪਰਸਨ ਆਏ। ਜਦੋਂ ਵੀ ਸਤਿਗੁਰੂ ਜੀ ਦਾ ਏਥੇ ਦੌਰਾ ਹੋਵੇ ਤਾਂ ਆਪ ਉਚੇਚੇ ਦਰਸ਼ਨ ਕਰਨ ਆਉਂਦੇ ਹਨ। ਇਹ ਹਮੇਸ਼ਾਂ ਚਿਟੇ ਰੰਗ ਦੀ ਪੱਗ ਬੰਨਦੇ ਹਨ ਅਤੇ ਪੂਰਨ ਸਿੱਖੀ ਸਰੂਪ ਖੁੱਲਾ ਦਾਹੜਾ ਰੱਖਦੇ ਹਨ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਵਿਚ ਸੁਰਿੰਦਰ ਸਿੰਘ ਜੀ ਰੂਪਾ ਨੇ ਸਤਿਗੁਰੂ ਜੀ ਨੂੰ ਜੀਓ ਆਇਆ ਆਖਿਆ ਤੇ ਨਾਲ ਹੀ ਬੇਨਤੀ ਕੀਤੀ ਕੇ ਸਦਾ ਕ੍ਰਿਪਾ ਬਣਾਈ ਰੱਖਣੀ ਸ੍ਰੀ ਰਣਬੀਰ ਜੀ ਨੂੰ ਮੰਚ ਤੇ ਆਮੰਤ੍ਰਿਤ ਕੀਤਾ।ਸ੍ਰੀ ਰਣਦੀਪ ਸਿੰਘ ਸਰਾਅ ਜੀ ਨੇ ਆਪਣੇ ਸੰਬੋਦਨ ਵਿੱਚ ਆਖਿਆ ਕਿ ਸਾਡੇ ਸਾਰਿਆਂ ਦੇ ਵੱਡੇ ਭਾਗ ਹਨ ਜੋ ਸਤਿਗੁਰੂ ਜੀ ਹਰ ਸਾਲ ਇਥੇ ਸਾਡੇ ਸ਼ਹਿਰ ਸਰੀ ਵਿਚ ਦਰਸ਼ਨ ਦਿੰਦੇ ਹਨ। 1996 ਵਿਚ ਯੋਗੀ ਹਰਭਜਨ ਸਿੰਘ ਜੀ ਨਾਲ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਸੀਰਵਾਦ ਲਿਆ ਸੀ। ਹੁਣ ਮੈਨੂੰ ਬੜੀ ਖੁਸ਼ੀ ਹੁੰਦੀ ਹੈ ਜਦੋਂ ਮੈਂ ਨਾਮਧਾਰੀ ਸਿੱਖਾਂ ਨੂੰ ਇਥੇ ਕਨੇਡਾ ਵਿਚ ਸੰਪੂਰਨ ਸਿੱਖੀ ਸਰੂਪ ਅਤੇ ਬਾਣੇ ਵਿਚ ਵੇਖਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਸਤਿਗੁਰੂ ਜੀ ਇਸ ਤਰ੍ਹਾਂ ਹੀ ਸਾਡੀ ਸਰੀ ਦੀ ਸੰਗਤ ਨੂੰ ਹਰ ਸਾਲ ਦਰਸ਼ਨ ਦਿੰਦੇ ਰਹਿਣ ਨਾਲ ਹੀ ਜੇ ਕੋਈ ਵੀ ਮੇਰੇ ਲਾਇਕ ਸੇਵਾ ਹੋਵੇ ਤਾਂ ਮੈਨੂੰ ਜਰੂਰ ਹੀ ਦੱਸਣਾ। ਕੀਰਤਨ ਤੋਂ ਬਾਅਦ ਵਿਚ ਸਤਿਗੁਰੂ ਜੀ ਕਾਫੀ ਸਮਾਂ ਸਾਰੀ ਸੰਗਤ ਨੂੰ, ਇਕੱਲੇ-ਇਕੱਲੇ ਨੂੰ ਆਪਣੇ ਪਿਆਰ ਭਰੇ ਬੋਲਾਂ ਨਿਵਾਜਿਆ। ਕਿਸੇ ਨੂੰ ਕੰਮ ਕਾਰ ਬਾਰੇ, ਕਿਸੇ ਨੂੰ ਪਰਿਵਾਰ ਬਾਰੇ, ਕਿਸੇ ਨੂੰ ਬੱਚਿਆਂ ਬਾਰੇ, ਕਿਸੇ ਨੂੰ ਪੱਕਾ ਹੋਣ ਬਾਰੇ ਤੇ ਕਿਸੇ ਨੂੰ ਸਿੱਖੀ ਵਿਚ ਪੱਕਾ ਰਹਿਣ ਲਈ ਬਚਨ ਕੀਤੇ। ਸੰਗਤ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ।ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਆਏ।

ਸੰਗਤ ਨੇ ਏਥੇ ਦੀਵਾਨ ਅਸਥਾਨ ਤੇ ਹੀ ਲੰਗਰ ਛਕਿਆ। ਅੱਜ ਦੁਪਿਹਰ ਤੋਂ ਹੀ ਸੰਤ ਨਿਸ਼ਾਨ ਸਿੰਘ ਜੀ ਮੇਰੇ ਵੱਡੇ ਭਰਾਤਾ ਅਤੇ ਧੰਨਜੀਤ ਸਿੰਘ ਨੇ ਸ਼ਰਦਾਈ ਦਾ ਲੰਗਰ ਚਾਲੂ ਰੱਖਿਆ ਹੋਇਆ ਸੀਸਭ ਨੇ ਬੜੇ ਪਿਆਰ ਅਤੇ ਲੋੜ ਮੁਤਾਬਿਕ ਸਰਦਾਈ ਛਕੀ। ਪਿਛਲੇ 2018 ਦੇ ਦੌਰੇ ਤੇ ਸੇਵਕ ਹਰਪਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਪੂਰੇ ਮੇਲੇ ਵਿਚ ਇਹਨਾ ਨੇ ਸ਼ਰਦਾਈ ਦੀ ਸੇਵਾ ਕੀਤੀ ਸੀ। ਹੁਣ ਵੀ ਸਾਰੇ ਦਿਨ ਸ਼ਰਦਾਈ ਛਕਾਉਣ ਵਿਚ ਕੋਈ ਢਿੱਲ ਨਾ ਰਹਿਣ ਦਿੱਤੀ।

10 ਜੁਲਾਈ 2019– ਅੱਜ ਸਵੇਰੇ 4 ਤੋਂ 6 ਵਜੇ ਤੱਕ ਆਸਾ ਦੀ ਵਾਰ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ, ਦਵਿੰਦਰ ਸਿੰਘ ਨੇ ਲਗਾਈ, ਵੈਨਕੂਵਰ ਦੇ ਨੌਜੁਵਾਨ ਸਰਬਜੀਤ ਸਿੰਘ ਅਤੇ ਡਾ. ਦਰਸ਼ਨ ਸਿੰਘ ਤਬਲੇ ਤੇ ਸੰਗਤ ਕੀਤੀ। ਕਾਕਾ ਗਿਆਨ ਸਿੰਘ ਅਤੇ ਦਿਦਾਰ ਸਿੰਘ ਵੀ ਨਾਲ ਸਾਥ ਦੇ ਰਹੇ ਸਨ।

ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਜੀ ਮਾਤਾ ਗੁਰਸਰਨ ਕੌਰ ਜੀ ਸਿੱਖਾਂ-ਸੇਵਕਾਂ ਸਹਿਤ ਸ.ਗੁਰਸੇਵ ਸਿੰਘ ਦੇ ਫਾਰਮ ਐਬਟਸਫੋਰਡ ਲਈ ਰਵਾਨਾ ਹੋ ਗਏ।ਏਥੇ ਹੀ ਲੰਗਰ ਛਕਿਆ। ਇਸ ਤੋਂ ਬਾਅਦ ਸਤਿਗੁਰੂ ਜੀ ਨੇ ਬੜੇ ਹਾਸਰਸ ਦੇ ਬਚਨ ਅਤੇ ਸਾਖੀਆ ਸੁਣਾ ਸਭ ਨੂੰ ਨਿਹਾਲ ਕੀਤਾ। ਰਾਗੀ ਬਲਵੰਤ ਸਿੰਘ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੀਆਂ ਕਾਫੀ ਯਾਦਾਂ ਤਾਜਾ ਕੀਤੀਆਂ।

ਪ੍ਰਧਾਨ ਜੀ ਨੇ ਆਪਣੇ ਖੇਤਾਂ ਵਿਚ ਵੀ ਸਤਿਗੁਰੂ ਜੀ ਨੂੰ ਅਰਜ਼ ਕਰ ਚਰਨ ਪਵਾਏ ਅਤੇ ਬੇਨਤੀ ਕੀਤੀ ਕੇ ਆਪ ਜੀ ਦੀ ਕ੍ਰਿਪਾ ਨਾਲ ਹੋਰ ਖੇਤ ਖਰੀਦੇ ਹਨ। ਸਤਿਗੁਰੂ ਜੀ ਉੱਥੇ ਵੀ ਚਰਨ ਪਾਏ। ਪ੍ਰਧਾਨ ਜੀ ਦੀ ਭਰਾ ਦੇ ਘਰ ਵੀ ਦਰਸ਼ਨ ਦਿੱਤੇ। ਇਥੇ ਹੀ ਸਤਿਗੁਰੂ ਜੀ ਨੇ ਪ੍ਰਧਾਨ ਗੁਰਸੇਵ ਸਿੰਘ, ਸੂਬਾ ਬਲਬੀਰ ਸਿੰਘ, ਸੁਰਿੰਦਰ ਸਿੰਘ ਰੂਪਾ, ਦਿਲਜੀਤ ਸਿੰਘ ਮਠਾੜੂ, ਪ੍ਰਭਦੀਪ ਸਿੰਘ ਅਤੇ ਗੁਰਨਾਮ ਸਿੰਘ ਨਾਲ ਗੁਰਦੁਵਾਰੇ ਦੀ ਨਵਾਂ ਜਗਾ ਲਈ ਵਿਚਾਰਾਂ ਕੀਤੀਆਂ। ਸਤਿਗੁਰੂ ਜੀ ਹੁਕਮ ਕੀਤਾ ਕੇ ਜਗਾ ਉੱਥੇ ਹੀ ਲਈ ਜਾਵੇ ਜਿਥੇ ਗੁਰਦੁਆਰਾ ਬਣਾਉਣ ਵਿਚ Muncipality ਵਲੋਂ ਕੋਈ ਰੋਕ ਨਾ ਹੋਵੇ। ਐਬਟਸਫੋਰਡ ਤੋਂ ਵਾਪਸ ਆਉਂਦਿਆਂ ਹੋਇਆ ਸਤਿਗੁਰੂ ਜੀ ਨੇ ਕੁਝ ਘਰਾਂ ਵਿਚ ਚਰਨ ਪਾਏ, ਸਰਬਜੀਤ ਸਿੰਘ ਗਰੇਵਾਲ, ਜਸਪਾਲ ਸਿੰਘ ਰੰਧਾਵਾ, ਇਕਬਾਲ ਸਿੰਘ, ਜੈ ਸਿੰਘ, ਬੀਬੀ ਰੀਮਾ ਅਗਰਵਾਲ, ਦਿਆਲ ਸਿੰਘ ਅਤੇ ਇੱਕ ਹੋਰ ਬੀਬੀ ਦੇ ਘਰ ਚਰਨ ਪਾਏ।

ਸ਼ਾਮ ਨੂੰ 6 ਵਜੇ ਨਾਮ ਸਿਮਰਨ ਦੀ ਅਰਦਾਸ ਬੱਚੀ ਸੁਬਨੀਤ ਕੌਰ ਨੇ ਕੀਤੀ। ਨਿਤਨੇਮ ਵਿੱਚ ਗਿਆਨ ਦਾ ਸਾਗਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸਰਵਨ ਕੀਤਾ ਅਤੇ ਨਿਤਨੇਮ ਦੇ ਭੋਗ ਦੀ ਅਰਦਾਸ ਕਾਕਾ ਪਵਿੱਤਰ ਸਿੰਘ ਨੇ ਕੀਤੀ। ਅੱਜ ਦਾ ਕੀਰਤਨ ਵੈਨਕੂਵਰ ਦੇ ਬੱਚਿਆਂ ਨੇ ਕੀਤਾ। ਇਹਨਾਂ ਬੱਚਿਆਂ ਨੂੰ ਰਾਗੀ ਦਵਿੰਦਰ ਸਿੰਘ ਅਤੇ ਜਸਪਾਲ ਸਿੰਘ ਸੰਗੀਤ ਸਿਖਾਉਂਦੇ ਹਨ। ਪਹਿਲਾ ਸ਼ਬਦ ਬੱਚੀ ਗੁਰਲੀਨ ਜੀਤ ਕੌਰ ਦਿਦਾਰ ਸਿੰਘ, ਸਤਵੰਤ ਕੌਰ, ਗਿਆਨ ਸਿੰਘ, ਸੰਤ ਕੌਰ, ਬ੍ਰਿਆ ਕੌਰ, ਜਿਆ ਕੌਰ, ਬਲਕਾਰ ਸਿੰਘ, ਤਰਨਦੀਪ ਕੌਰ, ਭਗਵਾਨ ਸਿੰਘ, ਅਜੀਤ ਸਿੰਘ, ਧੰਨਵੀਰ ਕੌਰ ਅਤੇ ਕੁਝ ਹੋਰ ਬੱਚਿਆਂ ਮਿਲ ਕੇ ਗਾਇਆ। "ਸੰਤ ਜਨਾ ਮਿਲ ਹਰ ਜਸ ਗਾਇਓ"। ਤਬਲੇ ਤੇ ਸਾਥ ਇਥੋਂ ਦੇ ਨੌਜੁਵਾਨ ਡਾ. ਦਰਸ਼ਨ ਸਿੰਘ ਨੇ ਦਿੱਤਾ। ਇਸ ਤੋਂ ਬਾਅਦ ਇਕ ਸ਼ਬਦ ਪਿਆਰਾ ਸਿੰਘ, ਪਵਿੱਤਰ ਕੌਰ ਅਤੇ ਪਵਿੱਤਰ ਸਿੰਘ ਨੇ ਗਾਇਨ ਕੀਤਾ। ਆਖਰ ਵਿੱਚ ਇਥੋਂ ਦੀਆਂ ਬੀਬੀਆਂ ਨੇ ਇਕ ਸ਼ਬਦ ਗਾਇਨ ਕੀਤਾ।

ਕੀਰਤਨ ਦੌਰਾਨ ਹੀ ਸਰੀ ਨਿਊਟਨ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ । ਕੀਰਤਨ ਉਪਰੰਤ ਸੁਖ ਧਾਲੀਵਾਲ ਜੀ ਨੇ ਸਤਿਗੁਰੂ ਜੀ ਨੂੰ ਜੀਓ ਆਇਆ ਆਖਿਆ ਅਤੇ ਸਰੀ ਵਿਖੇ ਦਰਸ਼ਨ ਦੇਣ ਲਈ ਧੰਨਵਾਦ ਕੀਤਾ। ਸਤਿਗੁਰੂ ਜੀ ਨੇ ਅਪਾਰ ਬਖਸ਼ਿਸ਼ ਕਰਕੇ ਅੱਜ ਰਾਤ ਦੇ ਲੰਗਰ ਛਕਣ ਦੀ ਕ੍ਰਿਪਾ ਆਪਣੇ ਨਿਮਾਣੇ ਸੇਵਕ ਗੁਰਨਾਮ ਸਿੰਘ ਦੇ ਘਰ ਕੀਤੀ। ਸਤਿਗੁਰੂ ਜੀ ਦੇ ਘਰ ਆਉਣ ਤੇ ਘਰ ਦੀਆਂ ਬੀਬੀਆਂ ਨੇ ਸ਼ਬਦ ਪੜ੍ਹ ਕੇ ਸਤਿਗੁਰੂ ਜੀ ਨੂੰ ਜੀਓ ਆਇਆ ਆਖਿਆ। ਇਥੇ ਹੀ ਦਿਲਜੀਤ ਸਿੰਘ ਜੀ ਮਠਾੜੂ ਨੇ ਸਤਿਗੁਰੂ ਜੀ ਲਈ ਸਟੀਲ ਦੇ ਫੋਲਡਿੰਗ ਗਲਾਮ ਭੇਟ ਕੀਤੇ । ਸਾਰੇ ਪਰਿਵਾਰ ਨੇ ਤੇ ਬਾਕੀ ਆਈ ਹੋਈ ਸੰਗਤ ਨੇ ਮੱਥਾ ਟੇਕਿਆ। ਸ ਪ੍ਰਸਾਦਾ ਛੱਕ ਕੇ ਗ੍ਰੀਬ ਨਿਵਾਜ਼ ਜੀ ਡੇਰੇ ਲਈ ਸੁਰਿੰਦਰ ਸਿੰਘ ਦੇ ਘਰ ਚਾਲੇ ਪਾਏ।

11 ਜੁਲਾਈ 2019– ਸ੍ਰੀ ਸਤਿਗੁਰੂ ਜੀ ਸਵੇਰੇ 6 ਤੋਂ 8 ਵਜੇ ਤੱਕ ਆਸਾਂ ਦੀ ਵਾਰ ਵਿੱਚ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦੇ ਸੰਗਤ ਨੂੰ ਨਿਹਾਲ ਕੀਤਾ । ਵਾਰ ਸਮਾਪਤੀ ਤੋਂ ਪਹਿਲਾ ਗਰੀਬ ਨਿਵਾਜ ਜੀ ਨੇ ਮੈਨੂੰ (ਗੁਰਨਾਮ ਸਿੰਘ) ਨੂੰ ਕੋਲ ਬੁਲਾ ਕੇ ਹੁਕਮ ਕੀਤਾ ਕਿ ਗੁਰਨਾਮ ਤੂੰ 10 ਕੁ ਮਿੰਟ ਵਾਰ ਤੋਂ ਬਾਅਦ ਬੋਲਣਾ ਹੈ।

ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਬਾਰੇ ਸੰਖੇਪ ਵਿੱਚ ਬੋਲਦਿਆਂ ਮੈਂ ਬੇਨਤੀ ਕੀਤੀ ਕਿ ਅਸੀਂ ਸਤਿਗੁਰੂ ਜੀ ਦੀ ਦੂਸਰੀ ਪ੍ਰਕਾਸ਼ ਸਤਾਬਦੀ ਮਨਾ ਰਹੇ ਹਾਂ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ ਸਿੱਖੀ ਨੂੰ ਹਰੀ ਰੱਖਿਆ ਅਤੇ ਅੰਗ੍ਰੇਜ਼ੀ ਸਰਕਾਰ ਦੇ ਦਮਨ ਚੱਕਰ ਸਮੇਂ ਸਿੱਖਾਂ ਨੂੰ ਡੋਲਣ ਨਹੀਂ ਦਿੱਤਾ।ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਪ੍ਰਤਾਪ ਸਦਕਾ ਬਾਬਾ ਸੁੱਧ ਸਿੰਘ, ਗੰਡਾ ਸਿੰਘ, ਸੌਣ ਸਿੰਘ ਆਦਿਕ ਦੇ ਹੰਕਾਰ ਨੂੰ ਤੋੜਿਆ ਅਤੇ ।ਕਈ ਸਿੱਖਾਂ ਨੂੰ ਵਰਦਾਨ ਦੇ

ਕੇ ਸੰਤ ਮੰਗਲ ਸਿੰਘ ਅਰਸ਼ੀ ਫਰਿਸਤਾ, ਸੰਤ ਭਗਤ ਸਿੰਘ ਦਾਤੇਵਾਲੀਏ ਵਰਗੇ ਵਿਦਵਾਨ ਅਤੇ ਸੰਤ ਕਰਮ ਸਿੰਘ ਜੀ ਵਰਗੇ ਸੰਤ ਬਣਾਏ। ਕਾਲ ਪੈਣ ਤੇ ਵੀ ਲੋਕਾਂ ਦੀ ਮਦਦ ਕੀਤੀ , ਔਖੇ ਸਮੇਂ ਵਿੱਚ ਵੀ ਗੁਰੂ ਕਾ ਲੰਗਰ ਜਾਰੀ ਰੱਖਿਆ। ਜੇ ਅੰਗਰੇਜ਼ ਹਕੂਮਤ ਨੇ ਜ਼ਮੀਨਾਂ ਦੇਣੀਆਂ ਚਾਹੀਆ ਤਾਂ ਇਹ ਆਖ ਕੇ ਠੁਕਰਾ ਦਿੱਤਾ ਕੇ ਕੁਝ ਮੁਰੱਬੇ ਲੈ ਕੇ ਕੀ ਅਸੀਂ ਇਹ ਮੰਨ ਲਈਏ ਕੇ ਬਾਕੀ ਭਾਰਤ ਤੁਹਾਡਾ ਹੈ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ:

ਗੁਰਨਾਮ ਸਿੰਘ ਨੂੰ ਸੁਣਕੇ ਮੇਰਾ ਜੀਅ ਕੀਤਾ ਹੈ ਕਿ ਸ਼ਾਮ ਨੂੰ ਤੁਹਾਡੇ ਚੋ ਕੋਈ ਸਿੰਘ ਜਾਂ ਬੀਬੀਆਂ ਭਾਸ਼ਨ ਦੇਣ ਜਾਂ ਏਨਾ (ਗੁਰਨਾਮ ਸਿੰਘ) ਤੋ ਅਗਲੀ ਜੇਨ੍ਰੇਸ਼ਨ ਦੇ ਬਚੇ ਕਿਸੇ ਵੀ ਟੋਪਿਕ ਤੇ ਬੋਲਣ ਤਾਂ ਬਹੁਤ ਚੰਗਾ ਲੱਗੇਗਾ ।ਤਾ ਕਿ ਸਾਨੂੰ ਵੀ ਪਤਾ ਲੱਗੇ ਕਿ ਤੁਹਾਨੂੰ ਕੀ ਸਮਝ ਆਉਂਦਾ ਹੈ । ਕਿਉਕਿ ਫਿਊਚਰ ਤੁਹਾਡਾ ਹੈ। ਬੇਸ਼ਕ ਤੁਹਾਡੇ ਵਾਸਤੇ ਸਿਖੀ ਦਾ ਕੀ ਮਤਲਬ ਹੈ,ਅਜ ਕਲ੍ਹ ਦੇ ਜਮਾਨੇ ਵਿਚ ਸਿਖੀ ਕਿਉ ਜਰੂਰੀ ਹੈ ।ਤੁਸੀ ਬੇਸ਼ਕ ਪੰਜਾਬੀ ਵਿਚ ਬੋਲੋ, ਕੋਈ ਅਗ੍ਰੇਜੀ ਚ ਬੋਲਣ, ਪੰਜ ਮਿੰਟ, ਦਸ ਮਿੰਟ ਬੋਲੋ,ਤੁਸੀਂ ਨਾਮ ਲਿਖਵਾ ਦਿਓ ਤਾ ਕਿ ਅਸੀ ਤੁਹਾਡੇ ਵਿਚਾਰ ਵੀ ਸੁਣ ਸਕੀਏ ।ਪਿਛਲੇ ਸਾਲ ਏਥੇ ਹਫ਼ਤੇ ਕੁ ਦਾ ਪਰੋਗਰਾਮ ਹੋਇਆ ਵੀ, ਇੰਗਲੈਂਡ ਤੋ ਬਚੇ ਆਏ ਸਨ ਤੁਸੀ ਵੇਖਿਆ ਸੀ ਕਿ ਬਚਿਆਂ ਨੇ ਕਿਵੇਂ ਪਾਰਟੀਸਿਪੇਟ ਕੀਤਾ ਸੀ, ਕਿਨਾ ਵਧੀਆ ਪਰੋਗਰਾਮ ਹੋਇਆ ਸੀ, ਕੁਝ ਬਚੇ ਤੁਹਾਡੇ ਚੋ ਵੀ ਬੋਲੇ ਸਨ, ਇਕ ਸਾਲ ਲੰਘ ਗਿਆ ਹੈ, ਮੈਂ ਬਿਲੀਵ ਕਰਦਾ ਹਾਂ ਕਿ ਤੁਸੀ ਸਕੂਲਾਂ ਕਾਲ਼ਜ਼ਾਂ ਚ ਬੋਲਦੇ ਹੋਵੋਗੇ, ਏਥੇ ਸੰਗਤ ਵਿਚ ਵੀ ਕਿਸੇ ਵਿਸ਼ੇ ਤੇ ਵੀ ਬੋਲੋ ਬਹੁਤ ਚੰਗਾ ਲੱਗੇਗਾ । ਆਪਨੇ ਨਾਮ ਲਿਖਵਾ ਦਿਓ ਤਾ ਕਿ ਅੱਸ ਹਿਸਾਬ ਨਾਲ ਟਾਈਮ ਸੈੱਟ ਕਰ ਲਿਆ ਜਾਵੇ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਜਦੋਂ ਜੰਡੂ ਪਰਿਵਾਰ ਘਰ ਚਰਨ ਪਾਉਣ ਸਮੇਂ ਮਾਤਾ ਗੁਰਸ਼ਰਨ ਕੌਰ ਜੀ ਨੂੰ ਕਿਹਾ ਕਿ ਗੁਰਨਾਮ ਸਿੰਘ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਤਾਜਾ ਕਰ ਦਿਤੀ ਹੈ।ਬਲਜੀਤ ਸਿੰਘ, ਅਨੂਪ ਸਿੰਘ,ਗੁਰਪ੍ਰੀਤ ਸਿੰਘ ਦੇ ਘਰਾਂ ਵਿੱਚ ਚਰਨ ਪਾ ਕੇ ਸ੍ਰੀ ਸਤਿਗੁਰੂ ਜੀ ਸੰਤ ਸਮਿੰਦਰ ਸਿੰਘ ਦੇ ਨਵੇਂ ਬਣਾਏ ਰੈਸਟੋਰੈਂਟ ਵਿਚ ਚਰਨ ਪਾਏ। ਜੋ ਕਿ ਸਾਲ ਕੁ ਪਹਿਲਾਂ ਹੀ ਕਨੇਡਾ ਵਿਚ ਆ ਕੇ ਵੱਸੇ ਹਨ। ਸੰਤ ਸਮਿੰਦਰ ਸਿੰਘ ਨੇ ਸਤਿਗੁਰੂ ਜੀ ਨੂੰ ਦਸਵੰਧ ਭੇਟ ਕੀਤਾ ਤਾਂ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ 100 ਡਾਲਰ ਰੱਖ ਕੇ ਬਾਕੇ ਸਾਰੀ ਰਕਮ ਵਾਪਸ ਕਰ ਦਿੱਤੀ ਤੇ ਕਿਹਾ ਕਿ ਆਪਣੇ ਕੰਮ ਤੇ ਲਗਾ ਲਉ। ਸਾਰੇ ਪਰਿਵਾਰ ਨੂੰ ਅੰਤਾਂ ਦਾ ਚਾਅ ਚੜਿਆ ਹੋਇਆ ਸੀ। ਇਸ ਤੋਂ ਬਾਅਦ ਮੇਰੇ ਵੱਡੇ ਭਰਾਤਾ ਸੰਤ ਨਿਸ਼ਾਨ ਸਿੰਘ ਦੇ ਨਵੇਂ ਘਰ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਸਰੀ ਤੋਂ ਚਲ ਜੁਕਿਟਲਮ ਵਿਚ ਜੈ ਸਿੰਘ ਸਪੁੱਤਰ ਸ.ਜਸਜੀਤ ਸਿੰਘ ਦੇ ਨਵੇਂ ਬਣੇ ਯੋਗਾ ਸੈਂਟਰ (JAY YOGA) ਵਿਚ ਚਰਨ ਪਾਏ ਅਤੇ ਉਦਘਾਟਨ ਕੀਤਾ। ਇਸ ਤਰ੍ਹਾਂ ਕੁਝ ਹੋਰ ਘਰਾਂ ਵਿਚ ਚਰਨ ਪਾਉਂਦੇ ਹੋਏ ਸਤਿਗੁਰੂ ਜੀ ਸੂਬਾ ਬਲਬੀਰ ਸਿੰਘ ਦੇ ਘਰ ਆ ਦਰਸ਼ਨ ਦਿੱਤੇ। ਇਥੇ ਹੀ ਲੰਗਰ ਛਕਿਆ।

ਪਹਿਲਾਂ ਹੀ ਮਿਥੇ ਹੋਏ ਪ੍ਰੋਗਰਾਮ "Meeting of Satguru Ji with Youth" 11 ਵਜੇ ਪਹੁੰਚ ਗਏ। ਸਤਿਗੁਰੂ ਜੀ ਨੇ ਸਭ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਦੁਪਹਿਰ ਨੂੰ 6 ਤੋਂ 7 ਨਿਤਨੇਮ ਦੌਰਾਨ ਹੀ 5 ਪਾਠਾਂ ਦੇ ਭੋਗ ਪਾਏ ਗਏ।

4 ਪਾਠ- ਸੂਬਾ ਕਰਤਾਰ ਸਿੰਘ ਦੇ ਪਰਿਵਾਰ ਵਲੋਂ,1 ਪਾਠ- ਨਾਮਧਾਰੀ ਸੰਗਤ ਵੈਨਕੂਵਰ ਵਲੋਂ, 1 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ, 1 ਪਾਠ ਸਤਿਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ, 1 ਪਾਠ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ, 2 ਪਾਠ ਸਤਿਗੁਰੂ ਉਦੇ ਸਿੰਘ ਜੀ ਅਤੇ ਨਾਮਧਾਰੀ ਪੰਥ ਦੀ ਚੜਦੀ ਕਲਾ ਲਈ।

ਇਸ ਤੋਂ ਬਾਅਦ ਵੈਨਕੂਵਰ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਲੈਕਚਰ ਦਿੱਤੇ।

1 ਡਾਕਟਰ ਦਰਸ਼ਨ ਸਿੰਘ (ਅੱਖਾਂ ਦੇ ਮਾਹਿਰ)- ਵਿਸ਼ਾ: ਅੰਦਰੂਨੀ ਅਤੇ ਬਾਹਰਲੀ ਨਿਗ੍ਹਾ। 2 ਬਸੰਤ ਸਿੰਘ ਜੀ- ਗੁਰੂ ਨਾਨਕ ਦੇਵ ਜੀ ਦੀ ਫਿਲੋਸਫੀ। 3 ਜਓਤੀ ਕੌਰ-Health relation with Sikhi. 4 ਸੰਪੂਰਨ ਸਿੰਘ- ਕਲਯੁਗ ਦੇ ਪ੍ਰਭਾਵ ਅਤੇ ਬਚਾਅ। 5 ਸਕੂਨ ਕੌਰ- Sikhism means to me. 6 ਧਰਮ ਸਿੰਘ ਭਿੰਡਰ- Meditation . 7 ਦਿਦਾਰ ਸਿੰਘ- ਕੇਸਾਂ ਦੀ ਮਹੱਤਤਾ। 8 ਗਿਆਨ ਸਿੰਘ- Why you should go to Gurdwara. 9 ਅਜੀਤ ਸਿੰਘ- ਕਵਿਤਾ, about Gursikhi. 10 ਗੁਰਲੀਨਜੀਤ ਕੌਰ- Importance of Namdhari Pehrawa . 11 ਬ੍ਰਿਆ ਕੌਰ ਅਤੇ ਜਿਆ ਕੌਰ- Sewa meaning and giving back to society. 12 ਪਿਆਰਾ ਸਿੰਘ- ਸ਼ੁਧ ਗੁਰਬਾਣੀ ਦਾ ਮਹਾਤਮ। 13 ਪਵਿੱਤਰ ਕੌਰ ਅਤੇ ਸਤਵੰਤ ਕੌਰ- Aspect of Sikhism Faith.

ਇਹਨਾਂ ਸਭ ਬੱਚਿਆਂ ਨੇ ਬਹੁਤ ਹੀ ਵਧੀਆ ਭਾਸ਼ਨ ਦਿੱਤੇ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਬੱਚੀ ਅਵਨੂਰ ਕੌਰ ਅਤੇ ਸੰਤ ਕੌਰ ਨੇ ਕੀਤਾ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਆਪ ਜੀ ਨੇ ਉਪਦੇਸ਼ ਵਿਚ ਫੁਰਮਾਇਆ ਕਿ ਬੱਚਿਆਂ ਨੇ ਸਾਡੇ ਸੋਚਣ ਤੋਂ ਵੀ ਵਧੀਆ ਪ੍ਰੋਗਰਾਮ ਪੇਸ਼ ਕੀਤਾ ਹੈ। ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ **ਸਦ-ਉਪਦੇਸ਼** ਦੇਣ ਦੀ ਕਿਰਪਾ ਕੀਤੀ।

ਗੁਰ ਉਪਦੇਸ਼: ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, Youngsters, I must say I am, overwhelmed by your response, I didn't expected that there will be so many speakers, Some of you were so original, I could feel it was your own thoughts ਬਹੁਤ ਚੰਗਾ ਲੱਗਾ ਤੁਸੀਂ ਪਾਰਟੀਸਪੇਟ ਕੀਤਾ ਹੈ, ਕੁਝ ਬੱਚਿਆਂ ਨੂੰ ਪ੍ਰੀਪੇਅਰ ਕਰਵਾਇਆ, ਤੁਸੀਂ ਬਹੁਤ ਸਾਰਿਆ ਨੇ ਆਪਣੇ ਦਿਲੋਂ ਬੋਲਿਆ। ਬੱਚੇ ਸੇਵਾ ਵਾਸਤੇ ਬੋਲੇ, ਸਿੱਖੀ ਵਿਚ ਸੇਵਾ ਦੀ ਕਿੰਨੀ ਮਹੱਤਤਾ ਹੈ, ਕੁਝ ਨਾਮ-ਸਿਮਰਨ ਬਾਰੇ ਬੋਲੇ, ਪਰ ਜਿੰਨਾ ਨੇ ਕਹਿਣ ਨਾਲੋਂ, ਸੇਵਾ ਕਰਕੇ ਹੀ ਪਾ ਲਿਆ । ਕਿਉਂਕਿ ਜਦੋਂ ਆਪਾਂ ਹੱਥੀਂ ਸੇਵਾ ਕਰਦੇ ਹਾਂ, ਸਾਡੇ ਅੰਦਰ ਹਉਮੈ (Ego) ਖਤਮ ਹੁੰਦੀ ਹੈ, । ਤੁਸੀਂ ਕਿਸੇ ਦੀ ਸੇਵਾ ਕਰਦੇ ਓ ਤੁਹਾਨੂੰ ਕਿੰਨਾ ਚੰਗਾ ਮਹਿਸੂਸ ਹੁੰਦਾ ਹੈ। ਤੁਸੀਂ ਬੱਚੇ ਏਥੇ ਆ ਕੇ ਭਾਂਡੇ ਧੋਵੋ, ਲੰਗਰ ਵਿਚ ਸੇਵਾ ਕਰੋ ,ਆਪਣੇ ਹੱਥੀਂ ਲੰਗਰ ਵਰਤਾਉ (Food serve ਕਰੋ)। ਸੱਚੇਪਾਤਸ਼ਾਹ ਹੁਕਮ ਕਰਦੇ ਸੀ ਤੁਹਾਡੇ ਅੰਦਰ ਇਹ ਆਵੇ ਕਿ ਮੇਰੇ ਧੰਨ ਭਾਗ ਨੇ ਮੈਨੂੰ ਅੱਜ ਇਹ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਜਦੋਂ ਤੁਸੀਂ ਬਿਨਾਂ ਹੰਕਾਰ ਤੋਂ ਸੇਵਾ ਕਰੋਗੇ। ਸੱਚੀਂ ਮੁੱਚੀਂ ਕਈ ਵਾਰੀ ਉਹ (ਪਰਮਾਤਮਾ) ਨਾਮ-ਸਿਮਰਨ ਤੋਂ ਬਿਨਾਂ ਹੀ ਪਾਇਆ ਜਾਂਦਾ। ਤੇ ਮੈਂ ਉਸ ਸ਼ਖਸੀਅਤ ਨੂੰ ਜ਼ਰੂਰ ਯਾਦ ਕਰਾਂਗਾ, ਜਿਹਨਾਂ ਨੇ ਸੇਵਾ ਕੀਤੀ ਉਹ ਮਾਤਾ ਜੀ ਦੇ ਚਰਨਾਂ ਵਿੱਚ ਸਿਰ ਝੁਕਾਉਣ ਨੂੰ ਦਿਲ ਕਰਦਾ ਹੈ। ਜਿਹਨਾਂ ਨੇ ਬਿਨਾਂ ਕਿਸੇ ਹੰਕਾਰ ਤੋਂ ਸੇਵਾ ਕੀਤੀ, ਬਿਨਾਂ ਕਿਸੇ ਸਵਾਰਥ ਤੋਂ ਸੇਵਾ ਕੀਤੀ ਤੇ ਸੇਵਾ ਵੀ ਇਸ ਤਰ੍ਹਾਂ ਕੀਤੀ ਜਿਹਨਾਂ ਨੇ ਦਰਸ਼ਨ ਕੀਤੇ ਨੇ, ਜਦੋਂ ਵੀ ਮੇਲਿਆਂ ਵਿਚ ਵੇਖਿਆ, ਮਾਤਾ ਜੀ ਨੂੰ ਕਿਤੇ ਨਾ ਕਿਤੇ ਸੇਵਾ ਕਰਦਿਆਂ ਹੋਇਆਂ ਵੇਖਿਆ। ਸਿੱਖੀ ਵਿਚ ਸੇਵਾ ਦੀ ਮਹੱਤਤਾ ਬਹੁਤ ਜਿਆਦਾ ਹੈ। ਆਪਣਾ ਇਕ ਨੌਜੁਆਨ ਧਰਮ ਸਿੰਘ, ਉਹ ਆਪਣੇ ਢੰਗ ਨਾਲ ਬੋਲਿਆ, ਉਸਦੇ ਆਪਣੇ ਵੀਚਾਰ ਸੀ, ਬੜੇ ਚੰਗੇ ਲੱਗੇ, ਉਹਨੇ ਅਖੀਰ ਤੇ ਆਖਿਆ, ਮੈਂ ਤੁਹਾਡੇ ਸਾਰਿਆਂ ਵਿਚ ਬੈਠੇ ਹੋਏ ਪ੍ਰਮਾਤਮਾ ਨੂੰ ਨਮਸਕਾਰ ਕਰਦਾ ਹਾਂ। ਸੱਚੀਂ ਮੁੱਚੀਂ ਉਹ ਇਨਸਾਨ ਜਿਸ ਨੂੰ ਸਾਰਿਆਂ ਵਿਚ ਪ੍ਰਮਾਤਮਾ ਦਿਸਦਾ ਹੈ, ਉਹ ਆਪ ਨਮਸਕਾਰ ਕਰਵਾਉਣ ਦੇ ਲਾਇਕ ਬਣ ਜਾਂਦਾ। ਜਿਸਨੂੰ ਸਾਰਿਆਂ ਵਿਚ ਪ੍ਰਮਾਤਮਾ ਦਿਖਦਾ ਸੀ ਤੁਸੀਂ ਵੱਡਿਆਂ ਨੇ ਸਾਖੀ ਸੁਣੀ ਹੋਵੇਗੀ, ਬੱਚਿਆਂ ਨੂੰ ਤੁਸੀਂ ਕਦੀਂ ਸੁਣਾ ਦਿਆ ਜੇ, ਭਾਈ ਕਨ੍ਹਈਏ ਦੀ, ਜਿਹਨੂੰ ਸਾਰਿਆਂ ਵਿੱਚੋਂ ਗੁਰੂ ਗੋਬਿੰਦ ਸਿੰਘ ਸੱਚੇਪਾਤਸ਼ਾਹ ਦਿਸੇ, ਉਹਨੇ ਆਖਿਆ 'ਤੈਨੂੰ ਪੀਆ ਪਿਲਾਵਾਂ ਪਾਣੀ ਤੂੰ ਦਿਸਦੈਂ ਸਭ ਥਾਈਂ'। ਉਹ ਸਿੱਖੀ ਦੀ ਆਖਰੀ (Ultimate) ਅਵਸਥਾ ਹੈ, ਬੜਾ ਚੰਗਾ ਲੱਗਾ ਕਿ ਉਹਨੇ ਉਸ ਚੀਜ਼ ਨੂੰ Imagine ਤੇ ਕੀਤਾ ਹੈ ਕਿ ਸਾਡਾ ਨਿਸ਼ਾਨਾ (Target) ਕੀ ਹੈ, ਇਹ ਸਿੱਖੀ ਦਾ ਸੁਹੱਪਣ ਹੈ, ਸਿੱਖੀ ਦਾ ਵੱਡਾ ਪਣ ਹੈ।

ਇਕ ਵਾਰੀ ਯਾਦ ਕਰੀਏ ਬੜੇ ਪਿਆਰ ਨਾਲ ਜਿਹਨਾਂ ਨੇ ਸਾਨੂੰ ਇਹ ਸਿੱਖੀ ਦੀ Philosophy ਦਿੱਤੀ ਹੈ, ਜਿਹਨਾਂ ਦਾ ਉਪਦੇਸ਼ ਹੈ ਕਿ ਕੋਈ ਬੇਗਾਨਾ ਹੈ ਹੀ ਨਹੀਂ, ਔਰ ਜਿਹਨਾਂ ਦਾ ਅਸੀਂ 550ਵਾਂ ਪ੍ਰਕਾਸ਼ ਵਰ੍ਹਾ ਮਨਾ ਰਹੇ ਹਾਂ, ਬੜੇ ਪਿਆਰ ਨਾਲ ਆਖੀਏ ਧੰਨ ਸਤਿਗੁਰੂ ਨਾਨਕ ਦੇਵ ਸੱਚੇਪਾਤਸ਼ਾਹ। ਉਹ ਕਿੱਡੀ ਵੱਡੀ Philosophy ਹੈ ਅੱਜ ਤੁਸੀਂ ਉਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਦੇ ਸੀ। ਸਾਰੇ ਧਰਮਾਂ ਦੀ ਗੱਲ ਕਰਦਿਆਂ ਸੱਚੇ ਪਾਤਸ਼ਾਹ ਕਿਹਾ ਹੈ ਕਿ ਉਹ ਜਿੱਥੇ ਪ੍ਰਗਟ ਹੁੰਦਾ ਹੈ, ਉਸ ਤੋਂ ਭਾਵ ਇੱਥੇ ਅਕਾਲ ਪੁਰਖ ਤੋਂ ਹੈ, ਓਥੇ ਤੁਸੀਂ ਕੋਈ ਹੱਦ (Boundary) ਨਹੀਂ ਬੰਨ੍ਹ ਸੱਕਦੇ, ਕਿ ਇਹ ਮੁਸਲਿਮ ਹੈ, ਇਹ ਕ੍ਰਿਸਚੀਅਨ ਹੈ , ਇਹ ਹਿੰਦੂ ਹੈ, ਇਹ ਸਿੱਖ ਹੈ, ਓਥੇ ਕੋਈ ਹੱਦਾਂ ਨਹੀਂ ਜਿੱਥੇ ਉਹਦੀ ਮਰਜ਼ੀ ਹੈ ਉਹ ਓਥੇ ਹੀ ਪ੍ਰਗਟ ਹੋ ਜਾਂਦਾ ਹੈ। ਜੇ ਉਹ ਮੁਸਲਮਾਨਾਂ ਤੇ ਕ੍ਰਿਪਾ ਹੋਈ, ਜੇ ਭਗਤ ਕਬੀਰ ਜੀ ਦੀ ਗੱਲ ਕਰੀਏ, ਉਹਨਾਂ ਦਾ ਜਨਮ ਮੁਸਲਮਾਨ ਪਰਿਵਾਰ ਵਿਚ ਹੋਇਆ। ਉਹਨਾਂ ਨੂੰ ਗੁਰੂ ਹਿੰਦੂ ਮਿਲਿਆ। ਉਹਨਾਂ ਨੂੰ ਸਾਰਿਆਂ ਤੋਂ ਜਿਆਦਾ ਪੂਜਿਆ ਸਿੱਖਾਂ ਨੇ, ਉਹ ਹੱਦਾਂ ਬੰਨੇ ਕਿੱਥੇ ਰਹਿ ਗਈਆਂ। ਜਦੋਂ ਤੁਸੀਂ ਉਸ ਅਵਸਥਾ ਤੇ ਪਹੁੰਚਦੇ ਹੋ, ਇਹ ਹੱਦਾਂ ਬੰਨੇ ਬੜੇ ਉਰਲੇ ਨੇ,ਤੇ ਏਹੋ ਹੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੇ ਧਰਮ ਦੀ ਵੱਡਪਣ ਹੈ, ਅਸੀਂ ਇਹ ਗੱਲ ਮੰਨਦੇ ਹਾਂ ਕਿ ਸਿੱਖ ਦੇ ਘਰ ਵਿਚ ਜਨਮ ਲੈ ਕੇ, ਅੰਮ੍ਰਿਤ ਛੱਕ ਕੇ, ਅਸੀਂ ਰੋਮਾਂ ਦੀ ਬੇਅਦਬੀ ਨਹੀਂ ਕਰ ਸੱਕਦੇ। ਪਰ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਕੁੱਜੇ ਵਿਚ ਵੀ ਨਹੀਂ ਪਾ ਸਕਦੇ ਕਿ ਜਿਹਦੇ ਪੰਜ ਕਕਾਰ ਨਹੀਂ ਉਹ ਸਿੱਖ ਨਹੀਂ। ਉਹ ਸਿੱਖੀ ਤਾਂ ਤੁਹਾਡੇ ਅੰਦਰ ਹੈ, ਅਸੀਂ ਜਿੱਥੇ ਅਖੀਰ ਤੇ ਪਹੁੰਚਣਾ ਹੈ,ਉਹ ਬਾਅਦ

ਦੀਆਂ ਗੱਲਾਂ ਨੇ, ,ਪਰ ਤੁਹਾਡਾ ਮਨ ਕਿੰਨਾ ਕੁ ਨਿਰਮਲ ਹੈ, ਤੁਸੀਂ ਸਕੂਲ ਜਾਂਦੇ ਹੋ,ਪੜ੍ਹਾਈ ਕਰਦੇ ਹੋ, ਤੁਹਾਡਾ ਇਮਤਿਹਾਨ(exam) ਹੁੰਦਾ ਹੈ। ਇਥੇ ਮੈਂ ਇਹ ਸਮਝਦਾ ਹਾਂ ਕਿ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਜੇ ਤੁਹਾਡੇ ਅੰਦਰੋਂ ਈਰਖਾ ਖਤਮ ਹੋ ਗਈ, ਤੁਸੀਂ ਸਮਝ ਲਉ ਕਿ ਸਾਧ-ਸੰਗਤ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ। ਤੁਸੀਂ ਸਮਝ ਲਵੋ ਕਿ ਜਿਹੜੀ ਪੜ੍ਹਾਈ ਤੁਸੀਂ ਪੜਨ ਆਏ ਸੀ ਉਹ ਪੜਾਈ ਤੁਹਾਡੀ ਸਫਲ ਹੋਣ ਲੱਗ ਪਈ ਹੈ। ਜੇ ਤੁਸੀਂ ਕਿਸੇ ਨੂੰ ਬੁਰਾ ਨਹੀਂ ਕਹਿੰਦੇ, ਤੁਸੀਂ ਕਿਸੇ ਦੀ ਨਿੰਦਿਆ ਨਹੀਂ ਕਰਦੇ ਤਾਂ ਆਪਣਾ ਸਾਧ ਸੰਗਤ ਵਿਚ ਆਉਣਾ ਸਫਲ ਹੋ ਗਿਆ। ਜੇ ਤੁਹਾਨੂੰ ਇਥੇ ਆ ਕੇ ਚੰਗਾ ਲੱਗਣ ਲੱਗ ਗਿਆ, ਤੁਸੀਂ ਬੱਧੇ ਰੁੱਧੇ ਨਹੀਂ ਆਉਂਦੇ, ਤੁਹਾਡਾ ਮਨ ਅਨੰਦ ਹੋ ਗਿਆ ਤਾਂ ਤੁਹਾਡੀ ਪੜ੍ਹਾਈ ਸਫਲ ਹੋ ਗਈ। ਜੇ ਤੁਸੀਂ ਕਿਸੇ ਦੀ ਸੇਵਾ ਕਰਕੇ ਆਪ ਹੰਕਾਰ ਨਹੀਂ ਕਰਦੇ, ਤੁਹਾਡੇ ਮਨ ਵਿਚ ਆਉਂਦਾ ਹੈ ਕਿ ਮੇਰੇ ਕਿੰਨੇ ਚੰਗੇ ਭਾਗ ਨੇ ਮੈਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤਾਂ ਸਾਡਾ ਸੰਗਤ ਵਿਚ ਆਉਣਾ ਸਫਲ ਹੋ ਗਿਆ। ਇਹ ਸਿੱਖੀ ਬਹੁਤ ਸੋਹਣੀ ਹੈ, ਮੈਂ ਅੱਗੇ ਵੀ ਕਹਿੰਦਾ ਹੁੰਦਾ ਹਾਂ ਕਿ ਇਹ ਸਿੱਖੀ ਤੁਹਾਨੂੰ ਚੰਗਾ ਇਨਸਾਨ ਬਣਾਉਂਦੀ ਹੈ। ਇਕ ਇਨਸਾਨ ਤੋਂ ਵੀ ਤੁਸੀਂ ਹੋਰ ਅੱਗੇ ਜਾ ਸਕਦੇ ਹੋ, ਤੁਹਾਨੂੰ ਪ੍ਰਮਾਤਮਾ ਦਾ ਰੂਪ ਵੀ ਬਣਾ ਸਕਦੀ ਹੈ। ਆਪਾਂ ਕਿੰਨੀਆਂ ਕੁ ਪੌੜੀਆਂ ਚੜ੍ਹ ਸਕਦੇ ਹਾਂ, ਆਪਾਂ ਕਿੱਥੇ ਤੱਕ ਜਾ ਸਕਦੇ ਹਾਂ। ਸਿੱਖੀ ਬਹੁਤ ਉੱਚੀ ਹੈ, ਗੁਰਬਾਣੀ ਬਹੁਤ ਉੱਚੀ ਹੈ। ਜਿਵੇਂ-ਜਿਵੇਂ ਸਮਝ ਸਕਦੇ ਹੋ, ਇਕ-ਇਕ ਤੁਕ ਹੀ ਸਮਝੋ, ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ 60-70 ਸਾਲ ਹੋ ਗਏ ਨੇ ਗੁਰਬਾਣੀ ਪੜਦਿਆਂ ਨੂੰ ਅਜੇ ਵੀ ਕੋਈ ਨਵੀਂ ਚੀਜ਼ ਹੀ ਲੱਭਦੀ ਹੈ।

ਫਿਰ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ, ਕਿ ਗੁਰਬਾਣੀ ਏਹੋ ਜਿਹੀ ਚੀਜ ਹੈ, ਅਸੀਂ ਰੋਜ ਪਾਠ ਕਰਦੇ ਹਾਂ, ਕਿਸੇ ਦੀ ਕਵਿਤਾ ਤੁਸੀਂ 2 ਵਾਰੀ, 3 ਵਾਰੀ, 4 ਵਾਰੀ ਸੁਣੋ ਤੁਸੀਂ ਤੰਗ ਹੋ ਜਾਂਦੇ ਓ। ਗੁਰਬਾਣੀ ਅਸੀਂ ਰੋਜ਼ ਪੜਦੇ ਸੁਣਦੇ ਹਾਂ, ਆਸਾ ਦੀ ਵਾਰ ਰੋਜ ਸੁਣਦੇ ਹਾਂ, ਸਾਨੂੰ ਰੋਜ਼ ਕੋਈ ਨਵੀਂ ਚੀਜ ਲੱਭਦੀ ਹੈ, ਰੋਜ਼ ਹੀ ਅਨੰਦ ਆਉਂਦਾ ਹੈ। ਉਹ ਵਾਕਿਆ ਹੀ ਅਨੰਦ ਇਸ ਕਰਕੇ ਆਉਂਦਾ ਹੈ ਕਿ ਜਿਸ ਅਵਸਥਾ ਵਿਚ ਗੁਰਬਾਣੀ ਉਚਾਰੀ ਗਈ, ਉਹ ਅਵਸਥਾ ਨਿਰੰਕਾਰ ਦੀ ਹੈ। ਜੇ ਗੁਰੂ ਨਾਨਕ ਦੇਵ ਸੱਚੇਪਾਤਸ਼ਾਹ ਨੇ,ਗੁਰੂ ਅਰਜਨ ਦੇਵ ਸੱਚੇਪਾਤਸ਼ਾਹ ਨੇ ਗੁਰਬਾਣੀ ਉਚਾਰੀ, ਓਥੇ ਨਿਰੰਕਾਰ ਸੀ। ਸੱਚੇਪਤਾਸ਼ਾਹ ਹੁਕਮ ਵੀ ਕਰਦੇ ਹਨ: 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥' ਉਸ ਅਵਸਥਾ ਵਿਚ ਜਦੋਂ ਉਹ ਬਚਨ ਆਉਂਦੇ ਨੇ ਇਸ ਕਰਕੇ ਉਹਦਾ ਅਨੰਦ ਆਉਂਦਾ ਹੈ ਕਿਉਂਕਿ ਉਹ ਪ੍ਰੇਮ ਨਾਲ ਭਰੀ ਹੁੰਦੀ ਹੈ, ਜਿਥੇ ਪ੍ਰੇਮ ਹੈ ਓਥੇ ਅਸੀਂ ਨਾਮ ਵੀ ਜੱਪਦੇ ਹਾਂ, ਫਿਰ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਹੁਕਮ ਕਰਦੇ ਹੁੰਦੇ ਸੀ, ਤੁਹਾਡੇ ਅੰਦਰ ਕਿਸੇ ਵਾਸਤੇ ਈਰਖਾ ਭਾਵ ਤੇ ਨਹੀਂ ਕਿਉਂਕਿ ਜੇ ਕਰ ਤੁਸੀਂ ਈਰਖਾ ਲਈ ਬੈਠੇ ਹੋ, ਫਿਰ ਨਾਮ ਦਾ ਅਸਰ ਨਹੀਂ ਹੁੰਦਾ, ਫਿਰ ਨਾਮ ਦਾ ਅਨੰਦ ਨਹੀਂ ਆਉਂਦਾ।

ਦੂਸਰੀ ਚੀਜ਼ ਹੈ ਕਿ ਜਦੋਂ ਤੁਸੀਂ ਨਾਮ ਜੱਪਦੇ ਹੋ, ਤੁਹਾਡੇ ਅੰਦਰ ਨਾਮ ਵਾਸਤੇ ਕਿੰਨਾ ਕੁ ਪਿਆਰ ਹੈ, ਸਤਿਗੁਰੂ ਵਾਸਤੇ ਤੁਹਾਡੇ ਅੰਦਰ ਕਿੰਨਾ ਕੁ ਪਿਆਰ ਹੈ, ਤੁਸੀਂ ਜਿਨੇ ਪਿਆਰ ਨਾਲ ਨਾਮ ਜਪਦੇ ਹੋ, ਉਹਨਾਂ ਹੀ ਅਨੰਦ ਆਉਂਦਾ ਹੈ। ਜਦੋਂ ਤੁਹਾਡੇ ਅੰਦਰ ਪਿਆਰ ਆਉਂਦਾ ਹੈ, ਫਿਰ ਨਾਮ ਜਪਦੇ ਜਪਦੇ ਤੁਹਾਡੇ ਅੰਦਰ ਵੈਰਾਗ ਆਉਣ ਲੱਗ ਜਾਂਦਾ ਹੈ। ਤੁਹਾਡੇ ਅੰਦਰ ਜਦੋਂ ਵੈਰਾਗ ਆਉਣ ਲੱਗ ਜਾਂਦਾ ਹੈ ਫਿਰ ਜਿਹੜਾ ਉਹ ਅਨੰਦ ਬਣਦਾ ਹੈ, ਉਹ ਅਨੰਦ ਬਿਆਨ ਨਹੀਂ ਕੀਤਾ ਜਾ ਸਕਦਾ। ਤੁਸੀਂ ਉਸ ਨੂੰ ਮਹਿਸੂਸ (Experience) ਕਰ ਸਕਦੇ ਹੋ। ਕੁਝ ਗੱਲਾਂ ਬੱਚਿਆਂ ਨੂੰ ਸ਼ਾਇਦ ਸਮਝ ਨਹੀਂ ਆਈਆਂ ਹੋਣਗੀਆਂ। ਪਰ ਉਹ ਬੜਾ ਚੰਗਾ ਲੱਗਾ ਕਿ ਤੁਸੀਂ ਅਲੱਗ ਅਲੱਗ ਰੂਪ ਵਿਚ ਸਿੱਖੀ ਦੇ ਪਹਿਲੂਆਂ Concepts ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਪ੍ਰਬੰਧਕਾਂ ਨੂੰ ਇਹ ਬੇਨਤੀ ਕਰਾਂਗਾ ਕਿ ਏਸ ਚੀਜ਼ ਦਾ ਹੌਂਸਲਾ ਵਧਾਓ (Encourage ਕਰੋ), ਬੱਚਿਆਂ ਨੂੰ ਬੋਲਣ ਦਿਓ, ਬੱਚਿਆਂ ਨੂੰ ਮੇਰਾ ਮੈਸਜ਼ ਇਹ ਹੈ ਕਿ ਇਸ ਤਰ੍ਹਾਂ ਹੀ ਤੁਸੀਂ ਆਉਂਦੇ ਰਹੋ, ਤੁਸੀਂ ਪਾਰਟੀਸਪੇਟ ਕਰੋ, ਤੁਹਾਨੂੰ ਰੋਚਕ (ਇੰਟਰਸਟਿੰਗ) ਲੱਗਣ ਲੱਗ ਜਾਏਗਾ, ਤੁਸੀਂ ਇਥੇ ਆਓ, ਤੁਹਾਨੂੰ ਚੰਗਾ ਲੱਗੇ।ਇਥੇ ਆ ਕਿ ਤੁਹਾਡੇ ਮਨ ਵਿਚ ਅਨੰਦ ਬਣੇ। ਮੈਂ ਸਾਰੀ ਸੰਗਤ ਦਾ ਦਿਲੋਂ ਧੰਨਵਾਦ ਕਰਦਾ ਹਾਂ, ਇਥੇ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਿਆ, ਤੁਹਾਡੇ ਨਾਲ ਬਹਿ ਕੇ ਗੁਰਬਾਣੀ ਸੁਣੀ। ਆਪਾਂ ਬਹਿ ਕੇ ਸਤਿਗੁਰੂ ਸੱਚੇਪਾਤਸ਼ਾਹ ਦੀ ਉਸਤਤ ਕੀਤੀ। ਸੱਚੀਂ ਮੁੱਚੀਂ ਇਹ ਜਿਹੜੀਆਂ ਘੜੀਆਂ, ਜਿਹੜੇ ਮਿੰਟ, ਜਿਹੜੇ ਪਲ ਗੁਰੂ ਜੱਸ ਕਰਦਿਆਂ ਲੰਘਦੇ ਨੇ, ਇਹ ਧੰਨ ਭਾਗ ਨੇ ਸਾਡੇ, ਇਹੋ ਘੜੀਆਂ ਲੇਖੇ ਲੱਗਦੀਆਂ ਨੇ, ਇਸ ਕਰਕੇ ਮੈਂ ਤੁਹਾਡੇ

ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ। ਤੁਸੀਂ ਬਹੁਤ ਸੇਵਾ ਕੀਤੀ, ਅਸੀਂ ਇਸ ਯੋਗ ਨਹੀਂ,ਤੁਸੀਂ ਜਿੰਨੀ ਸੇਵਾ ਕਰਦੇ ਹੋ,ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ। ਇਹ ਅਰਦਾਸ ਵੀ ਕਰਦੇ ਕਿ ਸੱਚੇਪਾਤਸ਼ਾਹ, ਸਾਨੂੰ ਸਾਰਿਆਂ ਨੂੰ ਸਿੱਖੀ ਬਖਸ਼, ਉਹ ਸਿੱਖੀ ਬਖਸ਼, ਜਿਹਦੇ ਨਾਲ ਅਸੀਂ ਹਰ ਵੇਲੇ ਅਨੰਦ ਵਿਚ ਰਹਿ ਸਕੀਏ। ਸਤਿ ਸ੍ਰੀ ਅਕਾਲ।

ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਲੱਡੂਆਂ ਦਾ ਪ੍ਰਸ਼ਾਦ ਵੰਡ ਕੇ ਨਿਵਾਜਿਆ।

12 ਜੁਲਾਈ– ਅੱਜ ਮੇਲੇ ਦਾ ਆਖਰੀ ਦਿਨ ਸੀ। ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿੱਚ 4 ਤੋਂ 6 ਵਜੇ ਤੱਕ ਦਰਸ਼ਨ ਦੇ ਕੇ ਸੰਗਤ ਨੂੰ ਨਿਹਾਲ ਕੀਤਾ। ਵਾਰ ਦੇ ਭੋਗ ਤੋਂ ਬਾਅਦ ਵਿਚ ਰੋਜ਼ ਦੀ ਤਰ੍ਹਾਂ ਸਤਿਗੁਰੂ ਜੀ ਨੇ ਸੰਗਤ ਵਿਚ ਵਿਚਰ ਕੇ ਹਰ ਇਕ ਨੂੰ ਪਿਆਰ ਬਖਸ਼ਿਆ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦਾ ਪੰਜਵਾਂ ਵੈਨਕੂਵਰ ਦੌਰਾ ਖੁਸ਼ੀਆਂ ਅਤੇ ਚਾਵਾਂ ਨਾਲ ਸੰਪੰਨ ਹੋਇਆ। ਗਰੀਬ ਨਿਵਾਜ ਜੀ ਸਿੱਖਾਂ ਸੇਵਕਾਂ ਸਹਿਤ 9 ਵਜੇ ਏਅਰਪੋਰਟ ਤੋਂ ਟੋਰਾਂਟੋ ਲਈ ਚਾਲੇ ਪਾ ਲਏ।

12 ਜੁਲਾਈ ਸ਼ੁਕਰਵਾਰ – ਟੋਰਾਂਟੋ (ਕਨੈਡਾ) ਵਿਖੇ ਸ੍ਰੀ ਸਤਿਗੁਰੂ ਜੀ ਦੀ ਆਮਦ:–

ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿਖਾਂ ਸੇਵਕਾਂ ਸਹਿਤ ਵੈਨਕੂਵਰ ਤੋਂ ਸ਼ਾਮੀਂ 5 ਕੁ ਵਜੇ ਟੋਰਾਂਟੋ ਏਅਰ ਪੋਰਟ ਤੇ ਪੁੱਜੇ। ਟੋਰਾਂਟੋ ਦੀ ਨਾਮਧਾਰੀ ਸੰਗਤ ਨੇ ਚਾਵਾਂ, ਮਲ੍ਹਾਰਾਂ ਅਤੇ ਫੁੱਲਾਂ ਦੇ ਹਾਰਾਂ ਨਾਲ ਸਤਿਗੁਰੂ ਜੀ ਦਾ ਸਵਾਗਤ ਕੀਤਾ। ਏਅਰ ਪੋਰਟ ਜਿਵੇਂ ਅਰਸ਼ੋਂ ਉੱਤਰੇ ਦੇਵਤਿਆਂ ਨਾਲ ਸਫੈਦ ਰੰਗ ਵਿਚ ਖਿੜਿਆ ਖਿੜਿਆ ਜਾਪਦਾ ਸੀ।ਗੋਰੇ ਲੋਕ ਰੁਕ ਰੁਕ ਕੇ ਵੇਖ ਰਹੇ ਸਨ। ਹਰ ਸਿੱਖ ਦੇ ਚਾਅ ਇਵੇਂ ਆਖ ਰਹੇ ਜਾਪਦੇ ਸਨ– 'ਅਸੀਂ ਫੁੱਲਾਂ ਵਾਂਗ ਖਿੜ ਗਏ, ਅੱਜ ਸਾਡੇ ਸਤਿਗੁਰ ਆਏ ਨੇ'। ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਏਅਰ ਪੋਰਟ ਤੋਂ ਸ੍ਰ: ਹਰਜਿੰਦਰ ਸਿੰਘ (ਪ੍ਰਧਾਨ) ਦੇ ਘਰ ਕਿਰਪਾ ਕੀਤੀ। ਸੂਬਾ ਰੇਸ਼ਮ ਸਿੰਘ ਜੀ ਅਤੇ ਬੀਬੀ ਰਾਣੀ ਸੋਧ ਦਾ ਜਲ ਪਾਣੀ ਤਿਆਰ ਕਰਕੇ ਇਥੇ ਹੀ ਲੈ ਆਏ ਸਨ। ਕਿਉਂਕਿ ਇਸ ਘਰ ਤੋਂ ਦੀਵਾਨ ਅਸਥਾਨ ਨੇੜੇ ਹੈ। ਗ੍ਰੀਬ ਨਿਵਾਜ ਨੇ ਜਲ ਪਾਣੀ ਛਕ ਕੇ ਸਾਢੇ ਛੇ (6:30) ਵਜੇ ਨਾਮ ਸਿਮਰਨ ਵਿਚ ਦਰਸ਼ਨ ਦਿੱਤੇ। ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਸੰਗਤਾਂ ਨੇ ਖੜੇ ਹੋ ਕੇ ਗੁਰ–ਅਭਿਨੰਦਨ ਕੀਤਾ। ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸਰਵਣ ਕੀਤਾ। ਨਾਮ ਸਿਮਰਨ ਇਕ ਸੁੰਦਰ ਹਾਲ ਵਿਚ ਹੋਇਆ, ਇਹ ਚਰਚ ਹਾਲ ਹੈ, ਨਾਲ ਕਾਫੀ ਵੱਡੀ ਪਾਰਕਿੰਗ ਵੀ ਹੈ। ਇਹ ਜਗ੍ਹਾ ਕਿਰਾਏ ਤੇ ਲਈ ਹੈ। ਦੌਰੇ ਦੇ ਸਾਰੇ ਪ੍ਰੋਗਰਾਮ ਇਥੇ ਹੀ ਹੋਏ।

ਅਰਦਾਸ ਉਪਰੰਤ ਨੌਜਵਾਨ ਅਜੀਤ ਸਿੰਘ ਨੇ ਮੰਚ ਸੰਚਾਲਨ ਕਰਦਿਆਂ- ਸ੍ਰੀ ਸਤਿਗੁਰੂ ਜੀ ਨੂੰ 'ਜੀਓ ਆਇਆਂ' ਆਖ ਕੇ ਹਰਜਿੰਦਰ ਸਿੰਘ ਜੀ ਨੂੰ ਪੇਸ਼ ਕੀਤਾ। ਹਰਜਿੰਦਰ ਸਿੰਘ ਨੇ ਸਤਿਗੁਰੂ ਜੀ ਨੂੰ ਸੰਬੋਧਿਤ ਹੁੰਦਿਆਂ ਕਿਹਾ, "ਗ੍ਰੀਬ ਨਿਵਾਬ ਜੀ ਅਪਾਰ ਕਿਰਪਾ ਕੀਤੀ ਹੈ। ਆਪ ਜੀ ਦਰਸ਼ਨ ਦੇਂਦੇ ਹੋ ਤਾਂ ਬਹਾਰ ਆ ਜਾਂਦੀ ਹੈ। ਕਈ ਦਿਨਾਂ ਤੋਂ ਦੌਰੇ ਦੀ ਤਿਆਰੀ ਕਰਦਿਆਂ ਨੌਜਵਾਨ ਚਾਵਾਂ ਨਾਲ ਭੱਜੇ ਫਿਰਦੇ ਹਨ। ਸਿੱਖੀ ਫੁੱਲਵਾੜੀ ਲਈ ਤਾਂ ਆਪ ਜੀ ਦੀ ਆਮਦ ਏਸੇ ਤਰ੍ਹਾਂ ਹੈ 'ਜਿਉਂ ਵਰ੍ਹਿਆਂ ਦੀਆਂ ਔੜਾਂ ਅੰਦਰ ਮੇਘ ਮਿਹਰ ਵੱਸ ਜਾਏ'। ਆਪ ਜੀ ਦਾ ਕੋਟਾਨ–ਕੋਟ ਧੰਨਵਾਦ। ਇਵੇਂ ਹੀ ਕਿਰਪਾ ਕਰਦੇ ਰਹੋ ਤਾਂ ਕਿ ਇਹ ਸਿੱਖੀ ਫੁੱਲਵਾੜੀ ਸਰ–ਸਬਜ਼ ਰਹੇ, ਮਹਿਕਦੀ ਰਹੇ। ਏਨੇ ਨੂੰ ਮਰਦਾਨੇ ਦੇ ਵਾਰਸ ਹਜ਼ੂਰੀ ਰਾਗੀ ਅਤੇ ਇਥੋਂ ਦੇ ਰਾਗੀ ਨੌਜਵਾਨ ਆਪੋ ਆਪਣੇ ਸਾਜ਼ ਲੈ ਕੇ ਮੰਚ ਤੇ ਹਾਜ਼ਰ ਹੋ ਗਏ। ਹਜ਼ੂਰੀ ਰਾਗੀ ਸਰਵ ਸ੍ਰੀ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ ਜੀ ਦੇ ਨਾਲ ਇਥੋਂ ਦੇ ਰਤਨ ਸਿੰਘ ਸਪੁੱਤ੍ਰ ਮਸਤਾਨਾ ਰੇਸ਼ਮ ਸਿੰਘ, ਰਤਨ ਸਿੰਘ ਭੈਣੀ ਸਾਹਿਬ, ਪਿਆਰਾ ਸਿੰਘ ਵੈਨਕੂਵਰ ਤਬਲੇ ਨਾਲ, ਸੰਤ ਬਲਦੇਵ ਸਿੰਘ, ਦਰਸ਼ਨਪ੍ਰੀਤ ਸਿੰਘ, ਹਰਨਾਮ ਸਿੰਘ, ਹਾਕਮ ਸਿੰਘ ਆਦਿ ਸਾਰਾ ਜਥਾ ਮੰਚ ਤੇ ਸੱਜ ਗਿਆ। ਸਮੂਹ ਗੁਰੂ ਪਿਆਰੀਆਂ ਸੰਗਤਾਂ ਦੀ ਭਾਵਨਾ ਦੀ ਤਰਜ਼ਮਾਨੀ ਕਰਦੇ ਸ਼ਬਦ ਗਾਇਨ ਕੀਤੇ ਗਏ।'ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ॥' ਅਤੇ 'ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥ ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ'॥ ਕੀਰਤਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਉਪਦੇਸ਼ ਦੇਣ ਦੀ ਕਿਰਪਾ ਕੀਤੀ।

ਗੁਰ–ਉਪਦੇਸ਼:– ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਅਗਲੇ ਚਾਰ–ਪੰਜ ਦਿਨ ਆਪ ਜੀ ਦੇ ਦਰਸ਼ਨ ਕਰਨ ਦਾ। ਹਰਿ–ਜੱਸ ਕਰਨ ਦਾ, ਗੁਰਮਤਿ ਵੀਚਾਰ ਕਰਨ ਦਾ ਮੌਕਾ ਪ੍ਰਾਪਤ ਹੋਵੇਗਾ, ਵੱਡੇ ਭਾਗਾਂ ਨਾਲ ਇਹ ਮੌਕਾ ਪ੍ਰਾਪਤ ਹੁੰਦਾ ਹੈ, ਮੈਂ ਖਾਸ ਕਰਕੇ ਇਹ ਪਹਿਲੇ ਦਿਨ ਵਾਸਤੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਚਾਰ ਪੰਜ ਦਿਨਾਂ ਵਿਚ ਆਸਾ ਦੀ ਵਾਰ, ਸ਼ਾਮ ਨੂੰ ਨਾਮ ਸਿਮਰਨ ਅਤੇ ਕੀਰਤਨ ਵਿਚ ਵੱਧ ਤੋਂ ਵੱਧ ਸੰਗਤ ਦੀ ਹਾਜ਼ਰੀ ਹੋਵੇ। ਨੌਜੁਆਨਾਂ ਦੇ ਕਈ ਤਰ੍ਹਾਂ ਦੇ ਸੁਆਲ ਹੋਣਗੇ, ਆਪਾਂ ਉਨ੍ਹਾਂ ਤੇ ਵੀਚਾਰ ਕਰੀਏ, ਇਸ ਵੀਚਾਰ ਦਾ ਬੇਸ (ਆਧਾਰ) ਗੁਰਬਾਣੀ ਹੋਵੇ, ਸਤਿਗੁਰੂ ਸਚੇ ਪਾਤਸ਼ਾਹ ਦੇ ਉਪਦੇਸ਼ ਹੋਣ, ਸਾਨੂੰ ਪਤਾ ਹੋਵੇ ਕਿ ਸਿੱਖੀ ਕੀ ਹੈ? ਅਸੀਂ ਸਿੱਖ ਕਿਉਂ ਬਣਨਾ ਹੈ। ਸਿੱਖੀ

ਜੀਵਨ ਦਾ ਅਨੰਦ ਕੀ ਹੈ? ਸਿੱਖ ਰਹਿੰਦਿਆਂ ਹੋਇਆਂ ਅਸੀਂ ਇਸ ਦੁਨੀਆਂ ਵਿਚ ਕਿਵੇਂ ਵਿਚਰਨਾ ਹੈ? ਸਾਨੂੰ ਕੀ ਚੈਲੇਂਜ਼ ਹਨ? ਆਉਣ ਵਾਲੀ ਜੈਨਰੇਸ਼ਨ ਵਿਚ ਕੀ ਚੈਲੇਂਜ਼ ਨੇ ਤਾਂ ਕਿ ਅਸੀਂ ਬੱਚਿਆਂ ਨੂੰ ਸਿੱਖੀ ਦ੍ਰਿੜ ਕਰਵਾ ਸਕੀਏ ਅਤੇ ਉਹ ਸਿੱਖ ਹੋਣ ਤੇ ਮਾਣ ਮਹਿਸੂਸ ਕਰਨ।

ਸਿੱਖ ਧਰਮ ਸਭ ਤੋਂ ਆਧੁਨਿਕ ਧਰਮ ਹੈ, ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਉਸ ਧਰਮ ਦੀ ਨੀਂਹ ਰੱਖੀ, ਜੋ ਭਰਮਾਂ ਪਾਖੰਡਾਂ ਤੋਂ ਰਹਿਤ ਹੈ। ਜੋ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲੋਂ ਵੀ ਓਨਾ ਹੀ ਰੈਲੇਵੈਂਟ (ਸਾਰਥਕ) ਸੀ ਅਤੇ ਅੱਜ ਵੀ ਜੀਵਨ ਵਿਚ ਸੁਖ ਲੈਣ ਵਾਸਤੇ ਓਨੀਂ ਹੀ ਮਹਾਨਤਾ ਹੈ ਉਸ ਧਰਮ ਦੀ। ਤੁਸੀਂ ਨੌਜੁਆਨ ਮੇਰੇ ਨਾਲ ਗੱਲਬਾਤ ਕਰ ਸਕਦੇ ਹੋ, ਮੇਰੇ ਨਾਲ ਆਇਆਂ ਤੋਂ ਕਈ ਸਵਾਲ ਕਰ ਸਕਦੇ ਹੋ। ਆਪਾਂ ਰਲ ਮਿਲ ਕੇ, ਅਕਾਲ ਪੁਰਖ ਦੀ, ਸਤਿਗੁਰੂ ਸੱਚੇ ਪਾਤਸ਼ਾਹ ਦੀ ਸੋਭਾ ਕਰੀਏ। ਅੱਜ ਰਾਗੀ ਸਿੰਘਾਂ ਨੇ ਜੋ ਇਕ ਸ਼ਬਦ ਗਾਇਨ ਕੀਤਾ, ਜਿਸ ਸਤਿਗੁਰੂ ਸੱਚੇ ਪਾਤਸ਼ਾਹ ਦਾ ਇਹ ਸ਼ਬਦ ਹੈ ਉਨ੍ਹਾਂ ਨੂੰ ਯਾਦ ਕਰਦੇ ਹੋਏ ਇਕ ਵਾਰੀ ਬੜੇ ਪ੍ਰੇਮ ਨਾਲ ਆਖੀਏ- ਧੰਨ ਸਤਿਗੁਰੂ ਰਾਮ ਦਾਸ ਸੱਚੇ ਪਾਤਸ਼ਾਹ। ਚੌਥੇ ਪਾਤਸ਼ਾਹ ਦਾ ਸ਼ਬਦ ਹੈ- "ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ।" ਬੜੀ ਸਰਲ ਪੰਜਾਬੀ ਹੈ ਕਿ ਸਾਧੂਆਂ ਨੂੰ ਮਿਲ ਕੇ ਮੇਰਾ ਮਨ ਅਨੰਦਿ ਹੋ ਗਿਆ ਹੈ। ਇਹ ਅਨੰਦ ਮਾਇਆ ਪ੍ਰਾਪਤੀ ਨਾਲ ਨਹੀਂ ਹੁੰਦਾ, ਕੋਈ ਕਾਲਜ, ਯੂਨੀਵਰਸਿਟੀ ਵਿਚ ਇਮਤਿਹਾਨ ਪਾਸ ਕਰਕੇ ਨਹੀਂ ਹੁੰਦਾ, ਕਿਉਂਕਿ ਉਹ ਖੁਸ਼ੀ ਥੋੜ-ਚਿਰੀ ਹੁੰਦੀ ਹੈ, ਟੈਂਪਰੇਰੀ ਅਨੰਦ ਹੁੰਦਾ ਹੈ। ਜੋ ਕਿਸੇ ਸਾਧੂ ਨੂੰ ਮਿਲ ਕੇ ਅਨੰਦ ਆਉਂਦਾ ਹੈ, ਉਹ ਸਦੀਵੀ ਅਨੰਦ ਹੈ। ਉਹ ਅਨੰਦ ਸ਼ਬਦਾਂ ਵਿਚ ਦੱਸਿਆ ਨਹੀਂ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਅੱਗੇ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ- "ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ, ਮਿਲਿ ਸੰਗਤਿ ਪਾਰਿ ਉਤਰਿਆ।" ਮੈਂ ਵਾਰੀ ਜਾਨਾਂ, ਘੋਲੀ ਜਾਨਾਂ ਉਨ੍ਹਾਂ ਸਾਧੂਆਂ ਦੇ ਜਿਨ੍ਹਾਂ ਨੂੰ ਮਿਲ ਕੇ ਇਸ ਸੰਸਾਰ ਤੋਂ ਮੈ ਪਾਰ ਉਤਰ ਸਕਦਾ ਹਾਂ। ਸੱਚੇ ਪਾਤਸ਼ਾਹ ਅੱਗੇ ਫੁਰਮਾਉਂਦੇ ਹਨ- 'ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ ਸਾਧ ਜਨਾਂ ਪਗ ਪਰਿਆ।' ਪਾਤਸ਼ਾਹ, ਪਰਮਾਤਮਾਂ ਦੇ ਚਰਨਾਂ ਵਿਚ ਇਹ ਬੇਨਤੀ ਕਰਦੇ ਹਨ ਕਿ ਮੇਰੇ ਤੇ ਇਹ ਕਿਰਪਾ ਕਰ ਕਿ ਉਨ੍ਹਾਂ ਸਾਧੂਆਂ ਦੇ ਚਰਨ ਮੈਨੂੰ ਮਿਲਣ ਮੈਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਵੇ। ਫੇਰ- 'ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ।' ਪਾਤਸ਼ਾਹ ਡਿਸਕਰਾਈਬ ਕਰਦੇ ਹਨ ਕਿ ਸਾਧੂ ਕੌਣ ਹੈ? ਸਾਧੂ ਉਹ ਹੈ ਜਿਸ ਨੇ ਹਰੀ ਨੂੰ, ਪ੍ਰਭੂ ਨੂੰ ਜਾਣ ਲਿਆ ਹੈ। ਉਹ ਇਕ ਦੋ, ਚਾਰ ਜਾਂ ਕੋਈ ਸੀਮਿਤ ਗਿਣਤੀ ਨਹੀਂ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੂੰ ਯਾਦ ਕਰੀਏ, ਬੜੇ ਪਿਆਰ ਨਾਲ, ਜਿਨ੍ਹਾਂ ਦੀ ਕਿਰਪਾ ਸਦਕਾ ਇਹ ਹਰੀ ਭਰੀ ਸਿੱਖੀ ਆਪਾਂ ਨੂੰ ਦਿਸਦੀ ਹੈ, ਇਕ ਵੇਰ ਆਖੀਏ- 'ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।.......... ਸੱਚੇ ਪਾਤਸ਼ਾਹ ਬਚਨ ਕਰਿਆ ਕਰਦੇ ਸੀ ਕਿ ਉਹ ਤਾਂ ਇਕ ਅਵਸਥਾ ਹੈ। ਉਹ ਅਵਸਥਾ ਦਾ ਧਾਰਨੀ ਸਾਧੂ ਕੋਈ ਵੀ ਬਣ ਸਕਦਾ ਹੈ। ਸੱਚੇ ਪਾਤਸ਼ਾਹ ਹੁਕਮ ਕਰਦੇ ਨੇ- 'ਧਨੁ ਧਨੁ ਸਾਧ ਜਿਨ ਹਰਿ ਪ੍ਰਭ ਜਾਨਿਆ।' ਸਾਧੂ ਉਹ ਹੈ ਜਿਸਨੇ ਪ੍ਰਮੇਸ਼ਰ ਨੂੰ ਜਾਣ ਲਿਆ ਹੈ। ਕਹਿਣ ਨੂੰ ਸਾਰੇ ਕਹਿ ਦੇਂਦੇ ਨੇ- ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ। ਪਰ ਜੇਹੜਾ ਸੱਚੀਂ ਮੁੱਚੀਂ ਇਹ ਰੀਲਾਈਜ਼ ਕਰ ਲੈਂਦਾ ਹੈ, ਪ੍ਰਭੂ ਨੂੰ ਪਾ ਲੈਂਦਾ ਹੈ, ਉਹ ਹੀ ਸੰਤ ਹੈ ਸਾਧ ਹੈ, ਉਹ ਹੀ ਸਤਿਗੁਰੂ ਹੈ। ਮੈਂ ਸਮਝਦਾ ਹਾਂ ਕਿ ਆਦਿ ਗ੍ਰੰਥ ਸਾਹਿਬ ਵਿਚ ਸਾਧੂ, ਸੰਤ, ਸਤਿਗੁਰੂ ਇਹ ਸਾਰੇ ਸ਼ਬਦ ਪ੍ਰਾਇਵਾਚੀ ਨੇ। ਜਿਵੇਂ ਸ਼ਬਦ ਹਜ਼ਾਰਿਆਂ ਦਾ ਪਾਠ ਸ਼ੁਰੂ ਕਰਦੇ ਹਾਂ- 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ। ਬਿਲਪ ਕਰੇ ਚਾਤ੍ਰਿਕ ਕੀ ਨਿਆਈ। ਤ੍ਰਿਖਾ ਨ ਉਤਰੈ, ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।' ਇਥੇ 'ਸੰਤ, ਸ਼ਬਦ, ਸਤਿਗੁਰੂ ਦਾ ਵਾਚਕ ਹੈ। 'ਸੰਤ, ਸਾਧੂ, ਸਤਿਗੁਰੂ ਸ਼ਬਦ ਗੁਰਬਾਣੀ ਵਿਚ ਇਕ ਅਵਸਥਾ ਵਾਸਤੇ ਵਰਤੇ ਗਏ ਹਨ। ਸੱਚੇ ਪਾਤਸ਼ਾਹ ਹੁਕਮ ਕਰਦੇ ਨੇ- 'ਧਨੁ ਧਨੁ ਸਾਧ ਜਿਨ ਹਰਿ ਪ੍ਰਭ ਜਾਨਿਆ ਮਿਲਿ ਸਾਧੂ ਪਤਿਤ ਉਧਰਿਆ।' ਸਾਧ ਨੂੰ ਮਿਲ ਕੇ ਸਾਡੇ ਪਾਪ ਲਹਿ ਜਾਂਦੇ ਨੇ। ਸੋ ਆਪਾਂ ਇਨਾਂ ਦਿਨਾਂ ਵਿਚ ਸਾਧ ਸੰਗਤ ਕਰਨੀ ਹੈ, ਹਰਿ ਜਸ ਕਰਨਾ ਹੈ, ਸਤਿਗੁਰੂ ਸੱਚੇ ਪਤਾਸ਼ਾਹ ਦੀ ਸਿਫਤਿ ਸਾਲਾਹ ਕਰਨੀ ਹੈ। ਵੱਧ ਤੋਂ ਵੱਧ ਫਾਇਦਾ ਲੈ ਸੱਕੀਏ ਤਾ ਕਿ ਸਾਡਾ ਏਥੇ ਆਉਣਾ ਵੀ ਸਾਰਥਕ ਹੋ ਸੱਕੇ। ਤੁਸੀਂ ਨਾਮ ਸਿਮਰਨ ਕਰਦੇ ਹੋ, ਇਸੇ ਬਹਾਨੇ ਅਸੀਂ ਵੀ ਕਰਦੇ ਹਾਂ, ਮੇਰੇ ਵਰਗੇ ਵੀ ਕਰਦੇ ਨੇ ਕਿਸੇ ਬਹਾਨੇ ਨਾਮ-ਸਿਮਰਨ ਹੁੰਦਾ ਹੈ, ਉਹ ਕਰਨ ਕਰਵਾਉਣ ਵਾਲਾ ਮਾਲਕ ਆਪ ਹੀ ਹੈ, ਜਿਨਾਂ ਚਿਰ ਕਿਰਪਾ ਨਾ ਹੋਵੇ, ਅਸੀਂ ਸੱਚੀਂ ਮੁੱਚੀ ਨਹੀਂ ਕਰ ਸਕਦੇ। ਜੇ ਅਸੀਂ ਅੰਮ੍ਰਿਤ ਵੇਲੇ ਉਠਕੇ ਏਥੇ ਆ ਕੇ ਨਾਮ ਸਿਮਰਨ ਕਰਦੇ ਹਾਂ, ਇਹ ਮੇਰੀ ਜਾਂ

ਤੁਹਾਡੀ ਵਡਿਆਈ ਨਹੀਂ, ਜਿਨਾਂ ਚਿਰ ਕਿਰਪਾ ਨਾ ਹੋਵੇ, ਇਸ ਪਾਸੇ ਤੁਰਿਆ ਹੀ ਨਹੀਂ ਜਾਂਦਾ। ਸਾਡੇ ਮਨ ਵਿਚ ਕਦੇ ਇਹ ਨਾ ਆਵੇ ਕਿ ਮੈਂ ਨਾਮ ਸਿਮਰਨ ਕਰਦਾ ਹਾਂ। ਹੇ ਮੇਰੇ ਮਾਲਕ, ਹੇ ਮੇਰੇ ਸਤਿਗੁਰੂ, ਜੇ ਤੂੰ ਕਰਵਾਉਂਦਾ ਹੈਂ ਤਾਂ ਹੀ ਮੈਂ ਕਰ ਸਕਦਾ ਹਾਂ। ਨੌਵੇਂ ਪਾਤਸ਼ਾਹ ਦੇ ਸਲੋਕਾਂ ਵਿਚ ਹੈ– 'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ। ਨਾਨਕ ਨਿਹਫਲ ਜਾਤ ਤਿਹ, ਜਿਉ ਕੁੰਚਰ ਇਸਨਾਨੁ। ਸੱਚੇ ਪਾਤਸ਼ਾਹ ਹੁਕਮ ਕਰਦੇ ਨੇ ਕਿ ਜੇ ਤੀਰਥ ਬਰਤ ਕਰਕੇ ਮਨ ਵਿਚ ਹੰਕਾਰ ਆ ਗਿਆ ਉਹ ਹਾਥੀ ਦਾ ਇਸ਼ਨਾਨ ਕੀ ਹੈ? ਪਹਿਲੋਂ ਪਾਣੀ ਨਾਲ ਨਹਾ ਕੇ ਫੇਰ ਉਤੇ ਮਿੱਟੀ ਪਾ ਲਈ। ਉਹ ਆਪਾਂ ਆਪਣਾ ਕੀਤਾ ਵੀ ਖਰਾਬ ਕਰ ਲਿਆ। ਸੋ ਸਿੱਖੀ ਨਿਰਮਾਣਤਾ ਦੀ ਹੈ, ਜੇ ਸਾਡੇ ਤੋਂ ਕੋਈ ਚੰਗਾ ਕੰਮ ਹੁੰਦਾ ਹੈ, ਤਾਂ ਉਹ ਕਿਰਪਾ ਨਾਲ ਹੁੰਦਾ ਹੈ। ਸੋ ਆਪਾਂ ਹਮੇਸ਼ਾਂ ਬਖਸ਼ਿਸ਼ ਮੰਗੀਏ, ਇਸ ਚੀਜ਼ ਦੇ ਧੰਨਵਾਦੀ ਹੋਈਏ ਕਿ ਸੱਚੇ ਪਾਤਸ਼ਾਹ ਸਾਨੂੰ ਸਤਿਸੰਗ ਦਾ ਸੁਭਾਗ ਬਖਸ਼ਿਆ ਹੈ। ਸੋ ਏਥੇ (ਟੋਰਾਂਟੋਂ) ਦੀ ਸੰਗਤ ਦੇ ਅੱਜ ਪਹਿਲੇ ਦਿਨ ਦਰਸ਼ਨ ਕਰਦਿਆਂ ਬਹੁਤ ਖੁਸ਼ੀ ਵੀ ਹੋਈ ਹੈ ਅਤੇ ਇਹ ਅਰਦਾਸ ਵੀ ਕਰਦਾ ਹਾਂ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ, ਵੈਸੇ ਤੇ ਹਮੇਸ਼ਾਂ ਹੀ ਪਰ ਖਾਸ ਕਰਕੇ ਇਨ੍ਹਾਂ ਦਿਨਾਂ ਵਿਚ ਆਪਾਂ ਵੱਧ ਤੋਂ ਵੱਧ ਨਾਮ ਸਿਮਰਨ ਕਰ ਸਕੀਏ। ਸਾਡਾ ਮਨ ਬਹੁਤ ਚੰਗਾ ਬਣ ਸਕੇ, ਅਸੀਂ ਗੁਰਬਾਣੀ ਤੇ ਵੀਚਾਰ ਕਰ ਸਕੀਏ। ਅਸੀਂ ਇਸ ਵਡਮੁੱਲੀ ਸਿੱਖੀ ਨੂੰ ਜਾਨਣ ਦੀ ਕੋਸ਼ਿਸ਼ ਕਰ ਸਕੀਏ। ਏਨੀਆਂ ਅਰਜ਼ਾ ਕਰਕੇ ਆਪ ਤੋਂ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ॥

13 ਜੁਲਾਈ, ਸ਼ਨੀਵਾਰ, ਟੋਰਾਂਟੋ:– ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਚਰਚ ਹਾਲ ਵਿਚ ਹਜ਼ੂਰੀ ਰਾਗੀ ਜਥੇ ਨੇ ਰਸ-ਭਿੰਨਾਂ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਕਾਕਾ ਪਵਲੀਨ ਸਿੰਘ ਨੇ ਕੀਤੀ। ਜੋ ਕਿ ਲੁਧਿਆਣੇ ਤੋਂ ਸਟੂਡੈਂਟ ਵੀਜ਼ੇ ਤੇ ਆਇਆ ਹੈ। ਉਪਰੰਤ ਨੌਜਵਾਨ ਹਰਨਾਮ ਸਿੰਘ ਨੇ ਅਤੇ ਕਾਕਾ ਗੁਰਜਾਪ ਸਿੰਘ ਨੇ ਸਤਿਗੁਰੂ ਨਾਨਕ ਦੇਵ ਜੀ ਬਾਰੇ ਪ੍ਰਭਾਵਸ਼ਾਲੀ ਸਪੀਚ ਦਿੱਤੀ। ਸ੍ਰ: ਅਜੀਤ ਸਿੰਘ ਜੀ ਲਾਇਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਅਤੇ ਨਾਮਧਾਰੀ ਸਿੱਖਾਂ ਦੀ ਨਿਵੇਕਲੀ ਪਹਿਚਾਨ ਅਤੇ ਉੱਚੇ ਸੁੱਚੇ ਜੀਵਨ ਬਾਰੇ ਵਿਦਵਤਾ ਭਰਪੂਰ ਭਾਸ਼ਣ ਦਿੱਤਾ। ਲਾਇਲ ਜੀ ਨੇ ਸੰਗਤ ਨੂੰ ਕਿਹਾ ਕਿ ਅੱਜ ਦਿਨ ਦੇ ਪ੍ਰੋਗਰਾਮ ਵਿਚ ਸ੍ਰੀ ਸਤਿਗੁਰੂ ਜੀ, ਸੰਗਤਾਂ ਸਹਿਤ ਸਿਟੀ ਵਿਚ ਆਰਟ ਐਗਜ਼ੀਬੀਸ਼ਨ ਵੇਖਣ ਜਾਣਾ ਹੈ। ਉਥੇ ਓਟਾਂਰੀਓ ਚੋਂ ਕਰੀਬ ੩੦੦੦ ਕਲਾਕਾਰ ਅਪਣੀਆਂ ਕਲਾ ਕਿਰਤਾਂ ਲੈ ਕੇ ਹਾਜ਼ਰ ਹਨ। ਹੋਰ ਵੀ ਬਹੁਤ ਦਰਸ਼ਕ ਹੋਣਗੇ। ਆਪਾਂ ਉਥੇ ਅਨੁਸ਼ਾਸ਼ਨ ਵਿਚ ਰਹਿ ਕੇ ਪਰਦਰਸ਼ਨੀ ਵੇਖਣੀ ਹੈ ਅਤੇ ਸਿੱਖੀ ਸਰੂਪ ਦਾ, ਨਿਰਮਾਣਤਾ ਅਤੇ ਪ੍ਰੇਮ ਭਰੇ ਵਰਤਾਵ ਦਾ ਸੁੱਚਾ ਪ੍ਰਦਰਸ਼ਨ ਕਰਨਾ ਹੈ। ਜੇ ਕੋਈ ਸਾਨੂੰ ਸਾਡੇ ਬਾਰੇ ਸਵਾਲ ਪੁੱਛਦਾ ਹੈ ਤਾਂ ਢੁਕਵੇਂ ਜਵਾਬ ਦੇਣੇ ਹਨ। ਕਿਸੇ ਵੀ ਜਗ੍ਹਾ ਅਸੀਂ ਭੀੜ ਨਾ ਹੋਣ ਦੇਈਏ ਤਾਂ ਕਿ ਕਿਸੇ ਨੂੰ ਪਰੇਸ਼ਾਨੀ ਨਾ ਹੋਵੇ।

ਲਾਇਲ ਜੀ ਨੇ ਇਕ ਘਟਨਾ ਸੰਗਤਾਂ ਨਾਲ ਸਾਂਝੀ ਕੀਤੀ ਕਿ ਜਦੋਂ 2014 'ਚ ਸ੍ਰੀ ਸਤਿਗੁਰੂ ਜੀ ਏਥੇ ਦਰਸ਼ਨ ਦਿੱਤੇ। ਟੋਰਾਂਟੋ ਏਅਰ ਪੋਰਟ ਤੋਂ ਕੈਲਗਰੀ ਜਾਣਾ ਸੀ। ਏਅਰ ਪੋਰਟ ਤੋਂ ਚੈੱਕਿੰਗ ਕਰਵਾ ਰਹੇ ਸਾਂ। ਮੈਨੂੰ ਉਥੇ ਕਾਊਂਟਰ ਤੇ ਬੈਠੀ ਬੀਬੀ ਨੇ ਸਵਾਲ ਕੀਤਾ ਕਿ ਤੁਸੀਂ ਐਨੇ ਸਾਰੇ, ਇਕ ਤਰ੍ਹਾਂ ਦੇ ਸਫੈਦ ਕਪੜਿਆਂ ਵਿਚ ਏਂਜਲਜ਼ (ਫਰਿਸ਼ਤਿਆਂ) ਵਾਂਗ ਲੱਗਦੇ ਹੋ, ਕੌਣ ਹੋ ਤੁਸੀਂ ? ਮੈਂ ਕਿਹਾ, 'ਸਾਡੇ ਆਦਿ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਹੈ 'ਸਭੇ ਸਾਝੀਵਾਲ ਸਦਾਇਨਿ' ਸਾਰੇ ਸੰਸਾਰ ਦੇ ਲੋਕ ਇੱਕੋ ਪਰਮਾਤਮਾ ਦੇ ਬੱਚੇ-ਬੱਚੀਆਂ ਹਨ। ਅਸੀਂ ਆਪਣੇ ਗੁਰੂ ਦਾ, ਪ੍ਰੇਮ ਮੁਹਬੱਤ ਦਾ, ਸਾਂਝੀਵਾਲਤਾ ਦਾ ਪੈਗਾਮ ਦੇਣ ਆਏ ਹਾਂ। ਸਾਡੇ ਸਫੈਦ ਕਪੜੇ ਅਮਨ ਅਤੇ ਸ਼ਾਂਤੀ ਦਾ ਪ੍ਰਤੀਕ ਹਨ। ਸਤਿਗੁਰੂ ਜੀ ਦੇ ਚੇਫੇਰੇ ਸਿੱਖ-ਸੇਵਕ ਹੱਥ ਜੋੜੀ ਖੜੇ ਸਨ। ਉਸ ਨੇ ਸਤਿਗੁਰੂ ਜੀ ਬਾਰੇ ਪੁੱਛਿਆ, ਉਹ ਕੌਣ ਹਨ ?

'ਉਹ ਸਾਡੇ ਰੱਬੀ ਪੈਗੰਬਰ ਹਨ, ਸਾਡੇ ਮਾਰਗ ਦਰਸ਼ਕ ਨੇ'। ਸਾਨੂੰ ਦੂਰ ਦੁਰਾਡੇ ਵੱਸਦੇ ਸਿੱਖਾਂ-ਸੇਵਕਾਂ ਨੂੰ ਪ੍ਰੇਮ ਮੁਹਬੱਤ ਦਾ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਆਏ ਹਨ"। ਮੇਰੇ ਗਲ ਵਿਚ ਮਾਲਾ ਵੇਖ ਉਸ ਪੁੱਛਿਆ, "ਇਹ ਕੀ ਹੈ ?"

ਮੈਂ ਦੱਸਿਆ ਕਿ ਇਸ ਨਾਲ ਅਸੀਂ ਗੌਡ ਨੂੰ ਯਾਦ ਕਰਦੇ ਹਾਂ, ਜਿਵੇਂ ਇਸ ਦੇ ਮਣਕੇ ਹਨ। ਇਹ ਗੌਡ ਦੀ ਰਚਨਾ ਦੇ ਪ੍ਰਤੀਕ ਹਨ। ਅਸੀਂ ਸਾਰਿਆਂ ਇਹਨਾਂ ਮਣਕਿਆਂ ਵਾਂਗ ਇਕੱਠੇ ਰਹਿਣਾ ਹੈ'। ਉਸ ਵੱਡੇ ਫੁੱਲ ਬਾਰੇ ਪੁੱਛਿਆ। ਮੈਂ ਦੱਸਿਆ ਕਿ ਇਹ ਗੌਡ ਦਾ ਸਿੰਬਲ ਹੈ ਜਿਸ ਦੀ ਇਹ ਸਮੁੱਚੀ ਰਚਨਾ ਹੈ ਤੇ ਫੇਰ ਇਹ ਦੂਸਰਾ ਫੁੱਲ ? 'ਇਹ ਪ੍ਰਮਾਤਮਾ ਦੇ ਪੈਗੰਬਰ ਸਾਡੇ ਗੁਰੂ ਦਾ ਚਿੰਨ੍ਹ ਹੈ, ਜੋ ਸਾਡੇ ਵਿਚ ਵਿਚਰਦਾ ਹੈ ਅਤੇ ਸਾਨੂੰ ਗੌਡ ਬਾਰੇ ਦੱਸਦਾ ਹੈ, ਉਸ ਨਾਲ ਜੋੜਦਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਕੋਈ ਸਾਡੇ ਬਾਰੇ ਪੁੱਛੇ ਤਾਂ ਵਧੀਆ ਢੰਗ ਨਾਲ ਦੱਸਣਾ ਹੈ ਅਤੇ ਆਪਣੇ ਪੰਥ ਦਾ, ਬਾਣੇ ਦਾ ਵਧੀਆ ਪ੍ਰਦਰਸ਼ਨ ਕਰਨਾ ਹੈ।

ਉਪਰੰਤ ਕੁਝ ਛੋਟੇ ਬੱਚੇ-ਬੱਚੀਆਂ ਨੇ ਹਜ਼ੂਰ ਦੇ ਸਨਮੁਖ ਸ਼ਬਦ ਗਾਇਨ ਕੀਤੇ। ਗਿਆਨ ਕੌਰ, ਅਰਸ਼ ਕੌਰ ਨੇ ਸ਼ਬਦ ਗਾਇਨ ਕੀਤਾ। ਇਨ੍ਹਾਂ ਤੋਂ ਬਾਅਦ ਗਗਨਦੀਪ ਕੌਰ ਅਤੇ ਮਾਨ ਕੌਰ ਨੇ ਸ਼ਬਦ ਗਾਇਨ ਕੀਤਾ। ਇਨ੍ਹਾਂ ਦੋਹਾਂ ਜਥਿਆਂ ਨਾਲਤਬਲੇ ਤੇ ਸੰਗਤ ਕਾਕਾ ਮਹਿਲ ਸਿੰਘ ਨੇ ਕੀਤੀ। ਮਹਿਲ ਸਿੰਘ ਸਪੁੱਤ੍ਰ ਭਗਵੰਤ ਸਿੰਘ ਵਿਰਕ ਨੇ ਤਬਲੇ ਦੀ ਸਿਖਿਆ ਸੁਖਵਿੰਦਰ ਸਿੰਘ ਜੀ ਪਿੰਕੀ ਤੋਂ ਲਈ। ਨੋਕਦਾਰ ਸਫੈਦ ਦਸਤਾਰ ਧਾਰੀ ਖੁਲ੍ਹੇ ਡੀਲ-ਡੌਲ ਵਾਲਾ ਇਹ ਨੌਜੁਆਨ ਦੌਰੇ ਦੇ ਦਿਨਾਂ ਵਿਚ ਰੋਜ਼ਾਨਾ ਸਵੇਰ ਸ਼ਾਮ ਦੀਵਾਨ ਵਿਚ ਪਖਾਵਜ ਦੇ ਖੁਲੇ ਬੋਲਾਂ ਨਾਲ ਹਜ਼ੂਰ ਦੇ ਸਨਮੁਖ ਹਾਜ਼ਰੀ ਲਵਾਉਂਦਾ ਰਿਹਾ। - ਬੱਚੀਆਂ ਨੇ ਸ਼ਬਦ ਗਾਇਨ ਕੀਤਾ:- "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥ ਬੁਰੇ ਭਲੇ ਹਮ ਥਾਰੇ॥" ਉਪਰੰਤ ਸ੍ਰੀ ਸਤਿਗੁਰੂ ਜੀ ਨੇ ਇਥੇ ਦੀਵਾਨ ਹਾਲ ਵਿਚ ਹੀ ਸੰਗਤਾਂ ਦੀਆਂ ਅਰਜ਼ਾਂ ਸੁਣੀਆਂ। ਹਾਲ ਤੋਂ ਬਾਹਰ ਆ ਕੇ ਸਿੱਖਾਂ ਸੇਵਕਾਂ ਦੀਆਂ ਨਵੀਆਂ ਗੱਡੀਆਂ 'ਚ ਚਰਨ ਪਾਏ।ਹਰੇਕ ਸਿੱਖ ਦੀ ਰੀਝ ਹੁੰਦੀ ਹੈ ਕਿ ਜੇ ਨਵਾਂ ਘਰ ਲਈਏ ਜਾਂ ਨਵੀਂ ਗੱਡੀ ਲਈਏ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨ ਪਵਾ ਕੇ ਹੀ ਵਰਤੀਏ। ਏਥੋਂ ਰਵਾਨਾ ਹੋ ਕੇ ਦੀਪਕ ਸਿੰਘ (ਮਾਸਟਰ ਮਨਸਾ ਸਿੰਘ ਦੇ ਜਵਾਈ) ਅਤੇ ਗੁਰਮੀਤ ਸਿੰਘ (ਅਮਰ ਸਿੰਘ ਨੰਬਰਦਾਰ ਦਾ ਜਵਾਈ) ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਸੂਬਾ ਜੀ ਦੇ ਘਰ ਡੇਰੇ ਆ ਕੇ ਲੰਗਰ ਛਕਿਆ। ਸੂਬਾ ਰੇਸ਼ਮ ਸਿੰਘ ਜੀ, ਬੀਬੀ ਰਾਣੀ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਣਾ ਕੇ ਬੜੀ ਰੀਝ ਨਾਲ ਸਤਿਗੁਰੂ ਸੱਚੇ ਪਾਤਸ਼ਾਹ ਜੀ ਅਤੇ ਸੰਗਤਾਂ ਦੀ ਸੇਵਾ ਕਰਦੇ ਹਨ। ਗਰਾਊਂਡ ਫਲੋਰ ਤੇ ਕਿਚਨ ਵਿਚ ਸੋਧੀਆਂ ਵਾਸਤੇ ਲੰਗਰ ਬਣਦਾ ਹੈ ਅਤੇ ਗੈਰਿਜ਼ ਵਿਚ ਖੁਲ੍ਹਾ ਲੰਗਰ ਜੋ ਕ੍ਰੀਬ ਸਾਰਾ ਦਿਨ ਚਲਦਾ ਰਹਿੰਦਾ ਹੈ।

ਆਰਟ ਫੇਅਰ:- ਦੁਪਹਿਰੇ 12 ਕੁ ਵਜੇ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸਿਟੀ ਸੈਂਟਰ 'ਚ ਲੱਗੇ ਆਰਟ ਫੇਅਰ ਨੂੰ ਵੇਖਣ ਵਾਸਤੇ ਰਵਾਨਾ ਹੋਏ। ਨੈਥਨ ਫਿਲਿਪ ਸੁਕੇਅਰ ਵਿਖੇ ਬੜੇ ਖੁਲ੍ਹੇ ਚੌਗਿਰਦੇ ਵਿਚ ਸੁੰਦਰ ਕਨੋਪੀਜ਼ ਲੱਗੀਆਂ ਹੋਈਆਂ ਸਨ। ਐਨੂਅਲ ਆਊਟ ਡੋਰ ਆਰਟ ਫੇਅਰ ਵਿਚ ਪੂਰੇ ਓਂਟਾਰੀਓ ਸਟੇਟ ਦੇ ਕਲਾਕਾਰਾਂ ਨੇ ਬੜੇ ਸੁੱਚਜੇ ਢੰਗ ਨਾਲ ਆਪਣੀਆਂ ਕਲਾ ਕਿਰਤਾਂ ਪ੍ਰਦਰਸ਼ਿਤ ਕੀਤੀਆਂ ਹੋਈਆਂ ਸਨ। ਜਿਨਾਂ ਵਿਚ ਹੈਂਡ ਮੇਡ ਸੁੰਦਰ ਕਿਰਤਾਂ, ਪੈਂਟਿੰਗਜ਼, ਮਾਡਰਨ ਆਰਟ ਵਰਕ, ਲਕੜੀ ਦੀਆਂ, ਫਾਈਬਰ ਦੀਆਂ, ਪੱਥਰ ਦੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਸੁੰਦਰ ਕਲਾ ਕਿਰਤਾਂ ਸਨ। ਆਰਟਿਸਟਿਕ ਫੋਟੋਗਰਾਫੀ ਦੀਆਂ ਤਸਵੀਰਾਂ ਵੀ ਸਲਾਹੁਣ ਯੋਗ ਸਨ। ਰੰਗ-ਬਿਰੰਗੇ ਆਰਟ ਫੇਅਰ ਵਿਚ ਜਿੱਥੇ ਤਰ੍ਹਾਂ ਤਰ੍ਹਾਂ ਦੀ ਭੀੜ ਵਿਚ ਸ੍ਰੀ ਸਤਿਗੁਰੂ ਜੀ ਦੇ ਨਾਲ ਗੁਰਮੁਖੀ ਬਾਣੇ ਵਿਚ ਇਕ ਦੁੱਧ ਚਿੱਟੀ ਸ਼ਾਂਤ ਰੌਣਕ ਵੀ ਆਪਣੇ ਆਪ ਵਿਚ ਇਕ ਅਦਭੁੱਤ ਕਲਾ ਕ੍ਰਿਤ ਹੀ ਜਾਪ ਰਹੀ ਸੀ। ਕਈ ਗੋਰੇ ਲੋਕ ਏਸ ਸਫੈਦ ਲਿਬਾਸ ਵਿਚ ਅਰਸ਼ੋਂ ਉੱਤਰੇ ਫਰਿਸ਼ਤਿਆਂ ਵਾਂਗ ਜਾਪਦੇ ਨਾਮਧਾਰੀ ਜਥੇ ਦੀਆਂ ਤਸਵੀਰਾਂ ਖਿੱਚ ਰਹੇ ਸਨ। ਸਾਦਗੀ, ਸਵੱਛਤਾ ਅਤੇ ਸੁੰਦਰਤਾ ਦਾ ਸੁਮੇਲ ਗੁਰਮੁਖੀ ਬਾਣਾ ਹੀ ਐਸਾ ਹੈ ਕਿ ਹਰ ਕਿਸੇ ਦਾ ਧਿਆਨ ਆਕਰਸ਼ਿਤ ਕਰਦਾ ਹੈ। ਸ੍ਰੀ ਸਤਿਗੁਰੂ ਜੀ ਨੇ ਸੁੰਦਰ ਕਲਾ ਕ੍ਰਿਤ ਨੂੰ ਨਿਹਾਰਿਆ, ਸਲਾਹਿਆ ਅਤੇ ਕਈ ਕਲਾਕਾਰਾਂ ਨਾਲ ਬਚਨ ਬਿਲਾਸ ਕਰਦਿਆਂ ਉਨ੍ਹਾਂ ਦੀ ਪ੍ਰਸੰਸਾ ਕੀਤੀ। ਆਰਟ ਫੇਅਰ ਤੋਂ ਬਾਹਰ ਆ ਕੇ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਹਾਈ ਪਾਰਕ ਵੱਲ ਰਵਾਨਾ ਹੋਇਆ। ਇਹ ਬਹੁਤ ਸੁੰਦਰ ਬੁਟੈਨੀਕਲ ਪਾਰਕ ਹੈ। ਜਿਸ ਵਿਚ ਤਰਤੀਬ ਤਰਾਸ਼ੇ ਤਰ੍ਹਾਂ-ਤਰ੍ਹਾਂ ਦੇ ਰੁੱਖ ਅਤੇ ਕਈ ਤਰ੍ਹਾਂ ਦੇ ਫੁੱਲ, ਖੁਲ੍ਹੇ ਘਾਹ ਦੇ ਪਾਰਕ, ਫੁਹਾਰੇ, ਲੇਕ ਆਦਿ ਦਾ ਅਦਭੁੱਤ ਸੁਮੇਲ। ਸ੍ਰੀ ਸਤਿਗੁਰੂ ਜੀ ਅਤੇ ਸੰਗਤਾਂ ਦੀ ਕੁਝ ਕੁ ਕਿਲੋਮੀਟਰ ਦੀ ਸੈਰ ਵੀ ਹੋ ਗਈ। ਪਾਰਕ ਦੀ ਸੈਰ ਕਰਕੇ ਗੱਡੀਆਂ ਵਿਚ ਬੈਠੇ ਹੀ ਸਾਂ ਤੇ ਤੇਜ਼ ਮੀਂਹ ਸ਼ੁਰੂ ਹੋ ਗਿਆ। ਸ੍ਰੀ ਸਤਿਗੁਰੂ ਜੀ ਨੇ ਕਰਤਾਰ ਸਿੰਘ ਸੇਵਕ ਨੂੰ ਹੁਕਮ ਕੀਤਾ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਮਿਊਜ਼ਿਅਮ ਦਾ ਅਤੇ ਵੱਡੇ ਹਾਲ ਦਾ ਕੰਮ ਪਹਿਲ ਦੇ ਅਧਾਰ ਤੇ ਸ਼ੁਰੂ ਕਰੀਏ। ਇਥੋਂ ਵਾਪਸੀ ਸਮੇਂ ਸ੍ਰ. ਹਰਜਿੰਦਰ ਸਿੰਘ ਜੀ ਦੇ ਘਰੋਂ ਆ ਕੇ ਜਲ ਪਾਣੀ ਛੱਕਿਆ। ਇਥੇ ਹੀ ਨਿਊਯਾਰਕ ਤੋਂ ਕ੍ਰੀਬ 700 ਕਿਲੋਮੀਟਰ ਕਾਰ ਦਾ ਸਫਰ ਕਰਕੇ ਆਏ ਪ੍ਰਧਾਨ ਸਰਵਣ ਸਿੰਘ ਅਤੇ ਸੁਖਦੇਵ ਸਿੰਘ ਸਤਿਗੁਰੂ ਜੀ ਦੇ ਚਰਨੀਂ ਲੱਗੇ।

5:30 ਤੋਂ 6:30 ਵੱਜੇ ਤੱਕ ਨਾਮ ਸਿਮਰਨ ਹੋਇਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਨ੍ਹਾਂ ਸਤਰਾਂ ਦੇ ਲੇਖਕ (ਸੇਵਕ ਹਰਪਾਲ ਸਿੰਘ) ਨੇ ਵਖਿਆਨ ਕੀਤਾ। ਵਖਿਆਨ ਦਾ ਸੰਖੇਪ ਸਾਰ: "ਅਸੀਂ ਵਿਸ਼ੇਸ ਕਰਕੇ 2019 ਦੇ ਵਰ੍ਹੇ ਵਿਚ ਦੋ ਸ਼ਤਾਬਦੀਆਂ ਮਨਾ ਰਹੇ ਹਾਂ। ਇਕ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਵਰ੍ਹਾ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ। ਸ੍ਰੀ ਸਤਿਗੁਰੂ ਜੀ ਦੇ ਦੌਰੇ ਦਾ ਅੱਜ ਦਾ ਦਿਨ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਹੈ। ਗੁਰੂ ਸਾਹਿਬ ਦਾ ਪ੍ਰਕਾਸ਼ ਪੰਜਾਬ ਵਾਸਤੇ, ਭਾਰਤ ਵਾਸਤੇ, ਸਮੁੱਚੀ ਲੋਕਾਈ ਵਾਸਤੇ ਇਕ ਰੱਬੀ ਪੈਗਾਮ ਸੀ। ਉਹ ਸਮਾਂ ਸੀ -'ਸਚਿ ਕਾਲੁ ਕੂੜੁ ਵਰਤਿਆ' ਅਤੇ 'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ'। ਗਿਆਨ ਦੇ,

ਸ੍ਰੀ ਸਤਿਗੁਰੂ ਜੀ ਦੇ ਅਟਲਾਂਟਾ (ਅਮਰੀਕਾ) ਦੌਰੇ ਦੀਆਂ ਝਲਕੀਆਂ- 8 ਜੁਲਾਈ 2019

ਸ੍ਰੀ ਸਤਿਗੁਰੂ ਜੀ ਦੇ ਵੈਨਕੂਵਰ ਦੌਰੇ ਦੀਆਂ ਝਲਕੀਆਂ- 9 ਤੋਂ 11 ਜੁਲਾਈ 2019

ਸ੍ਰੀ ਸਤਿਗੁਰੂ ਜੀ ਦੇ ਵੈਨਕੂਵਰ ਦੌਰੇ ਦੀਆਂ ਝਲਕੀਆਂ- 9 ਤੋਂ 11 ਜੁਲਾਈ 2019



ਸ੍ਰੀ ਸਤਿਗੁਰੂ ਜੀ ਦੇ ਟੋਰਾਂਟੋ ਦੌਰੇ ਦੀਆਂ ਝਲਕੀਆਂ- 12 ਤੋਂ 17 ਜੁਲਾਈ 2019



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਟੋਰਾਂਟੋ ਦੌਰੇ ਦੀਆਂ ਝਲਕੀਆਂ- 12 ਤੋਂ 17 ਜੁਲਾਈ 2019

Sri Satguru Jagjit Singh Ji Elibrary @gmail.com

ਸ੍ਰੀ ਸਤਿਗੁਰੂ ਜੀ ਦੇ ਬਫਲੋ (ਅਮਰੀਕਾ) ਦੌਰੇ ਦੀਆਂ ਝਲਕੀਆਂ- 16 ਜੁਲਾਈ 2019

ਸ੍ਰੀ ਸਤਿਗੁਰੂ ਜੀ ਦੇ ਬੈਂਕੋਕ (ਥਾਈਲੈਂਡ) ਦੌਰੇ ਸਮੇਂ ਦੀਆਂ ਝਲਕੀਆਂ- 1 ਤੋਂ 7 ਅਗਸਤ 2019

Sri Satguru Jagjit Singh ji E-library NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਬੰਕੋਕ (ਥਾਈਲੈਂਡ) ਦੌਰੇ ਸਮੇਂ ਦੀਆਂ ਝਲਕੀਆਂ- 1 ਤੋਂ 7 ਅਗਸਤ 2019

Sri Satguru Jagjit Singh Ji Library NamdhariElibrary

ਸ੍ਰੀ ਸਤਿਗੁਰੂ ਜੀ ਦੇ ਇੰਗਲੈਂਡ ਦੌਰੇ ਦੀਆਂ ਝਲਕੀਆਂ- 21 ਤੋਂ 30 ਅਗਸਤ 2019

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਇੰਗਲੈਂਡ ਦੌਰੇ ਦੀਆਂ ਝਲਕੀਆਂ- 21 ਤੋਂ 30 ਅਗਸਤ 2019

Sri Satguru Jagjit Singh Ji Elibrary NamdhariElibrary@gmail.com

ਧਰਮ ਦੇ ਸੂਰਜ ਦਾ ਚਾਨਣੁ ਤਾਂ ਕਿਤੇ ਰਿਹਾ। ਰਾਤ ਸੀ ਤੇ ਉਹ ਵੀ ਮੱਸਿਆ ਦੀ ਰਾਤ। ਅਜੇਹੇ ਘੋਰ ਅੰਧਕਾਰ ਦੇ ਸਮੇਂ –'ਸਤਿਗੁਰੁ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ"॥ ਸਤਿਗੁਰੂ ਨਾਨਕ ਦੇਵ ਸੱਚ ਦਾ ਸੂਰਜ ਬਣ ਪ੍ਰਗਟੇ ਅਤੇ "ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ"। ਸ੍ਰਿਸ਼ਟੀ ਦੇ ਕਲਿਆਣ ਵਾਸਤੇ ਗੁਰੂ ਸਾਹਿਬ ਸੱਚ ਖੰਡ ਚੋਂ ਨੌਂ ਨਿਧਾਂ ਦਾ ਖਜ਼ਾਨਾ ਅਕਾਲ ਪੁਰਖ ਦਾ ਨਾਮ ਅਤੇ ਗ੍ਰੀਬੀ ਭਾਵ ਨਿਮਰਤਾ, ਹਲੀਮੀ ਲੈ ਕੇ ਆਏ। ਚਾਰੋ ਦਿਸ਼ਾਵਾਂ ਵਿਚ ਉਦਾਸੀਆਂ, ਯਾਤਰਾਵਾਂ ਕੀਤੀਆਂ –'ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ॥ ......ਚੜ੍ਹਿਆ ਸੋਧਣਿ ਧਰਤਿ ਲੁਕਾਈ॥ ਲੋਕਾਈ ਦੇ ਕਲਿਆਣ ਵਾਸਤੇ ਉਦਾਸੀਆਂ ਤੇ ਜਾਣ ਸਮੇਂ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਨੂੰ ਨਾਲ ਲਿਆ। ਇਕ ਪਾਸੇ ਹਿੰਦੂ, ਦੂਸਰੇ ਪਾਸੇ ਮੁਸਲਮਾਨ, ਜੋ ਸਦੀਆਂ ਤੋਂ ਇਕ ਦੂਸਰੇ ਦੇ ਦੁਸ਼ਮਣ ਸਨ। ਗੁਰੂ ਸਾਹਿਬ ਇਨ੍ਹਾਂ ਦੋਹਾਂ ਧਰਮਾਂ ਵਿਚ ਪੁਲ ਬਣੇ। 'ਨਾਨਕ ਸ਼ਾਹ ਫਕੀਰ, ਹਿੰਦੂਓਂ ਕੇ ਗੁਰੂ, ਮੁਸਲਮਾਨੋ ਕੇ ਪੀਰ' ਕਰਕੇ ਪੂਜੇ ਗਏ। ਭਾਈ ਮਰਦਾਨਾ ਜੀ ਦੀ ਰਬਾਬ ਉਦਾਸੀਆਂ ਸਮੇਂ ਹਮੇਸ਼ਾਂ ਗੁਰੂ ਸਾਹਿਬ ਦੇ ਸੰਗ ਸਾਥ ਰਹੀ। ਸਿੱਖ ਫੁੱਲਵਾੜੀ ਦੀ ਉਪਜ ਰਬਾਬ ਦੇ ਮਧੁਰ ਅਲਾਪ ਚੋਂ, ਇਲਾਹੀ ਬਾਣੀ ਚੋਂ ਅਤੇ ਰੱਬੀ ਨਾਮ ਚੋਂ ਹੋਈ। ਗੁਰੂ ਸਾਹਿਬ ਨੇ ਰਾਜ ਯੋਗ ਦਾ ਸਹਿਜ ਮਾਰਗ ਸ਼ੁਰੂ ਕੀਤਾ। ਸਿੱਖ ਧਰਮ ਦਾ ਮੂਲ ਅਧਾਰ ਦੱਸਿਆ– 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਅਤੇ 'ਗੁਰਮੁਖਿ ਨਾਮੁ ਦਾਨ ਇਸਨਾਨੁ।'– ਸਾਫ ਸਵੱਛ ਰਹਿਣਾ। ਘਰ ਪਰਿਵਾਰ ਵਿਚ ਰਹਿੰਦਿਆਂ ਹੋਇਆਂ ਜੀਵਨ ਮੁਕਤੀ ਪ੍ਰਾਪਤ ਕਰਨ ਲਈ ਨਾਮ ਜਪਣਾ, ਦਸਾਂ ਨਹੁੰਆਂ ਦੀ, ਭਾਵ ਹੱਥੀਂ ਕਿਰਤ ਕਰਨੀ ਅਤੇ ਉਸ ਸੁੱਚੀ ਕਿਰਤ ਕਮਾਈ ਚੋਂ ਲੋੜਵੰਦ ਨੂੰ ਦਾਨ ਕਰਨਾ। ਗੁਰੂ ਸਾਹਿਬ ਨੇ ਧਰਮ ਦੇ ਸ਼ੁਧ ਸਰੂਪ ਨੂੰ ਕਲਿਜੁਗ ਵਿਚ ਜੀਊਂਦਾ ਰੱਖਣ ਲਈ ਲਹਿਣਾ ਸਿੰਘ ਨੂੰ ਆਪਣਾ ਹੀ ਰੂਪ, ਆਪਣਾ ਅੰਗ, ਅੰਗਦ ਬਣਾ ਕੇ ਅਬਿਚਲ–ਅਟੱਲ ਗੁਰ–ਪੀੜੀ ਦੀ ਨੀਂਹ ਰੱਖੀ–'ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ'– ਸਤਿਗੁਰੂ ਨਾਨਕ ਦੇਵ ਜੀ ਦੇ ਜ਼ਾ–ਨਸ਼ੀਨ ਸਾਰੇ ਹੀ ਸਤਿਗੁਰੂ ਸਾਹਿਬਾਨ ਨੇ ਆਪਣੇ ਆਪਣੇ ਸਮੇਂ ਵਿਚ ਸਿੱਖੀ ਫੁਲਵਾੜੀ ਨੂੰ ਹੋਰ ਪ੍ਰਫੁੱਲਿਤ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਧੀ ਸਦੀ ਤੋਂ ਵੱਧ ਸਮੇਂ ਵਿਚ ਕਠਿਨ ਘਾਲਣਾ ਘਾਲ ਕੇ ਸਿੱਖੀ ਦੇ ਸ਼ੁਧ ਸਰੂਪ ਨੂੰ ਕਾਇਮ ਰੱਖਿਆ ਅਤੇ ਕਈ ਖੇਤਰਾਂ ਵਿਚ ਸਿੱਖੀ ਸਰੂਪ ਨੂੰ ਮਾਣਯੋਗ ਪਹਿਚਾਣ ਦਿਵਾਈ। ਆਪ ਜੀ ਦੇ ਸਮੇਂ ਪੰਜਾਂ ਮਹਾਂਦੀਪਾਂ ਦੇ ਕਈ ਦੇਸ਼ਾਂ ਵਿਚ ਨਾਮਧਾਰੀ ਸਿੱਖ ਵਧੇ ਫੁੱਲੇ। ਵਰਤਮਾਨ ਸਤਿਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਸਦ–ਮਾਰਗ ਤੇ ਚਲਣ ਲਈ ਨਾਮਧਾਰੀ ਪੰਥ ਦਾ ਮਾਰਗ ਦਰਸ਼ਨ ਕਰ ਰਹੇ ਸਨ।

ਨਾਮ ਸਿਮਰਨ ਦੀ ਅਰਦਾਸ ਨੌਜਵਾਨ ਸਰਵਣ ਸਿੰਘ ਸਪੁੱਤਰ ਸੁਰਿੰਦਰ ਸਿੰਘ ਫਗਵਾੜਾ ਨੇ ਕੀਤੀ। ਉਪਰੰਤ ਰਾਗੀ ਗੁਰਲਾਲ ਸਿੰਘ ਦੀ ਬੇਟੀ ਗਿਆਨ ਕੌਰ ਅਤੇ ਬੇਟਾ ਕਾਕਾ ਗੁਰਦੇਵ ਸਿੰਘ ਨੇ ਤਿੰਨ ਤਾਲ ਵਿਚ 'ਮੂ ਲਾਲਨ ਸਿਉ ਪ੍ਰੀਤਿ ਬਨੀ'॥ ਸ਼ਬਦ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਖੁਸ਼ੀਆਂ ਬਖਸ਼ੀਆਂ। ਸੰਤ ਨਗਰ ਦੇ ਪੱਪੂ ਖੋਏ ਵਾਲੇ ਦੇ ਕਾਕੇ ਨੂੰ ਪੱਗ ਬੰਨ੍ਹਣ ਦੀ ਕਿਰਪਾ ਕੀਤੀ ਗਈ।ਹਜ਼ੂਰੀ ਰਾਗੀ ਜਥੇ ਨੇ "ਹੰਉ ਕੁਰਬਾਨੇ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ"॥ ਪੰਚਮ ਸੁਰਾਂ ਤੇ ਸ਼ਬਦ ਗਾਇਨ ਕੀਤਾ। ਕੀਰਤਨ ਦੀ ਅਰਦਾਸ ਉਪਰੰਤ ਸ੍ਰ: ਅਜੀਤ ਸਿੰਘ ਜੀ ਲਾਇਲ ਮੰਚ ਤੇ ਹਾਜ਼ਿਰ ਹੋਏ। ਸਾਹਿਤਕ ਅੰਦਾਜ ਵਿਚ ਬੋਲਦਿਆਂ ਲਾਇਲ ਜੀ ਨੇ ਕਿਹਾ:– ਔਰ ਪਾਤਸ਼ਾਹੀ ਸਭ ਲੋਗਨ ਕੀ ਪਾਤਸ਼ਾਹੀ, ਪਾਤਸ਼ਾਹੋਂ ਉਪਰ ਸਾਚੀ ਤੇਰੀ ਪਾਤਸ਼ਾਹੀ ਹੈ॥ ਇਹ ਗੁਰੂ ਨਾਨਕ ਦਾ ਦਰ, ਇਸ ਸੱਚੀ ਪਾਤਸ਼ਾਹੀ ਦੇ ਅੱਗੇ ਦੁਨਿਆਵੀ ਤਖਤਾਂ ਤਾਜਾਂ ਵਾਲੇ ਬਾਦਸ਼ਾਹ ਆ ਕੇ ਝੁਕਦੇ ਹਨ। ਪਾਤਰ ਸਾਹਿਬ ਦਾ ਸ਼ੇਅਰ ਹੈ:–

ਰੇਤ ਤੇ ਬਾਬਰ ਦਾ ਸੀ,
ਤੇ ਰੂਹਾਂ ਤੇ ਉਸਦਾ ਰਾਜ ਸੀ,
ਉਹ ਜੋ ਅਕਸਰ ਆਖਦਾ ਸੀ,
ਛੇੜ ਮਰਦਾਨੇ ਰਬਾਬ॥

ਇਹ ਸਤਿਗੁਰੂ ਰਾਮ ਸਿੰਘ ਜੀ ਦਾ, ਸਤਿਗੁਰੂ ਜਗਜੀਤ ਸਿੰਘ ਜੀ ਦਾ ਉਹ ਦਰਬਾਰ ਹੈ ਜਿੱਥੇ ਸਤਿਗੁਰੂ ਨਾਨਕ ਦੇਵ ਜੀ ਅਤੇ ਦਸਮ ਪਾਤਸ਼ਾਹ ਜੀ ਦੀਆਂ ਪਰੰਪਰਾਵਾਂ ਨੂੰ ਸੰਭਾਲਿਆ ਹੈ ਅਤੇ ਉਸ ਪ੍ਰੇਮ ਦੇ, ਸੱਚ ਦੇ, ਧਰਮ ਦੇ ਮਾਰਗ ਤੇ ਚਲਣ ਲਈ ਪ੍ਰੇਰਿਆ ਹੈ, ਮਾਰਗ ਦਰਸ਼ਨ ਕੀਤਾ ਹੈ। ਇਕ ਵੇਰ ਬਨਾਰਸ ਯੂਨੀਵਰਸਿਟੀ ਵਿਖੇ ਇਕ ਸੈਮੀਨਾਰ ਵਿਚ ਕਿਸੇ ਵਿਦਵਾਨ ਸੱਜਣ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਕ ਸਵਾਲ ਕੀਤਾ, "ਨਾਮਧਾਰੀ ਦੀ ਕੀ ਪਰਿਭਾਸ਼ਾ ਹੈ?" ਸਤਿਗੁਰੂ ਜੀ ਨੇ ਫੁਰਮਾਇਆ, "ਜੋ ਸਤਿਗੁਰੂ ਨਾਨਕ ਦੇਵ ਜੀ ਅਤੇ ਆਪ ਦੇ ਜਾ–ਨਸ਼ੀਨ ਸਤਿਗੁਰੂ ਸਾਹਿਬਾਨ ਦੀ ਰਚੀ ਬਾਣੀ ਤੇ ਚੱਲਣ ਦਾ

ਉੱਦਮ ਕਰਦੇ ਹਨ ਉਹ ਨਾਮਧਾਰੀ ਸਿੱਖ ਹਨ"। ਸਤਿਗੁਰੂ ਜੀ ਦਾ ਪ੍ਰੇਮ ਕਲਾਵਾ ਏਨਾਂ ਨਿੱਘਾ ਅਤੇ ਵਿਸ਼ਾਲ ਸੀ ਕਿ ਜੋ ਇਕ ਵਾਰ ਸਤਿਗੁਰੂ ਜੀ ਦੇ ਸੰਪਰਕ ਵਿਚ ਆ ਗਿਆ ਫੇਰ ਸਦਾ ਵਾਸਤੇ ਸਤਿਗੁਰੂ ਜੀ ਦਾ ਹੀ ਹੋ ਗਿਆ। ਅਜੇਹੇ ਹੀ ਗੁਰੂ ਨਿਵਾਜ਼ੇ ਦੋ ਬੜੇ ਪਿਆਰੇ ਅਤੇ ਸਤਿਕਾਰੇ ਨਾਮ ਹਨ - ਸ੍ਰ. ਜਗਦੀਸ਼ ਸਿੰਘ ਜੀ 'ਵਰਿਆਮ' ਅਤੇ ਸ੍ਰ. ਵਰਿਆਮ ਸਿੰਘ ਜੀ 'ਸੰਧੂ'। ਸ੍ਰ. ਜਗਦੀਸ਼ ਸਿੰਘ ਜੀ ਰਾਹੀਂ ਸੰਧੂ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਆਏ ਅਤੇ ਫੇਰ ਸਾਡੇ ਆਪਣੇ ਹੀ ਬਣ ਗਏ। ਪੰਜਾਬੀ ਸਾਹਿਤ ਜਗਤ ਵਿਚ ਸ੍ਰ. ਵਰਿਆਮ ਸਿੰਘ ਸੰਧੂ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ, ਇਸੇ ਤਰ੍ਹਾਂ ਹੀ ਕ੍ਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਨਾਮਧਾਰੀ ਸੰਗਤਾਂ ਵਿਚ ਸੰਧੂ ਸਾਹਿਬ ਜਾਣੀ-ਪਹਿਚਾਣੀ ਸਖਸ਼ੀਅਤ ਹੈ, ਨਾਮਧਾਰੀ ਮੇਲਿਆਂ ਵਿਚ ਸੰਗਤਾਂ ਆਪ ਨੂੰ ਸੁਨਣ ਲਈ ਉਡੀਕਦੀਆਂ ਹੁੰਦੀਆਂ ਹਨ। ਹੁਣ ਸਤਿਗੁਰੂ ਨਾਨਕ ਦੇਵ ਜੀ ਬਾਰੇ ਸੰਧੂ ਸਾਹਿਬ ਆਪਣੇ ਗਿਆਨ, ਸ਼ਰਧਾ ਅਤੇ ਪ੍ਰੇਮ-ਪਰੁੱਚੇ ਬੋਲਾਂ ਨਾਲ ਸੰਗਤਾਂ ਦੇ ਰੂਬਰੂ ਹੋਣਗੇ।

ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ ਜੀ ਦੇ ਵਿਸਤ੍ਰਿਤ ਵਖਿਆਨ ਦਾ ਸੰਖੇਪ ਸਾਰ:-

ਸੰਧੂ ਸਾਹਿਬ ਨੇ ਸੰਗਤਾਂ ਨਾਲ ਫਤਹਿ ਸਾਂਝੀ ਕਰਦਿਆਂ ਕਿਹਾ ਕਿ ਲਾਇਲ ਸਾਹਿਬ ਕੁਝ ਜ਼ਿਆਦਾ ਹੀ ਮੇਰੀ ਤਾਰੀਫ ਕਰ ਗਏ ਨੇ। ਇਹ ਤਾਂ ਸ੍ਰੀ ਸਤਿਗੁਰੂ ਜੀ ਦੀ ਮਿਹਰ ਨਦਰਿ ਹੈ ਜਿਸ ਤੇ ਕਿਰਪਾ ਕਰ ਦੇਂਦੇ ਨੇ ਉਸ ਦੇ ਬੋਲਾਂ ਵਿਚ ਵੀ ਸਰਸਵਤੀ ਦਾ ਵਾਸ ਹੋ ਜਾਂਦਾ ਹੈ, ਮੇਰੇ ਤਾਂ ਕੁਝ ਹੱਥ ਵੱਸ ਨਹੀਂ।

ਸਤਿਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਜੋ ਪਰੰਪਰਾ ਹੈ ਉਸ ਨੂੰ ਨਾਮਧਾਰੀ ਸਮਾਜ ਨੇ ਸਾਂਭਿਆ ਵੱਖਰੀਆਂ ਪ੍ਰਸਥਿਤੀਆਂ ਵਿਚ ਉਨ੍ਹਾਂ ਆਦਰਸ਼ਾਂ ਨੂੰ ਪੁਨਰ-ਸਥਾਪਿਤ ਕੀਤਾ, ਨਵੇਂ ਜੋਸ਼ ਨਾਲ ਉਸ ਸਮੇਂ ਜਦੋਂ ਸਮਾਜ ਉਨ੍ਹਾਂ ਗੁਰੂ ਹੁਕਮਾਂ ਤੋਂ ਮੁੱਖ ਮੋੜੀ ਬੈਠਾ ਸੀ। ਅਸੀਂ ਭਾਈ ਗੁਰਦਾਸ ਜੀ ਦੀ ਵਾਰ ਦੇ ਸ਼ਬਦ ਆਮ ਹੀ ਪੜਦੇ ਹਾਂ- 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥' ਵੇਖਣ ਨੂੰ ਅਰਥ ਬੜੇ ਸਰਲ ਜਾਪਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਹੋਣਾ ਇਵੇਂ ਸੀ ਜਿਵੇਂ ਸੂਰਜ ਉਦੈ ਹੁੰਦਾ ਹੈ। ਜਦੋਂ ਸੂਰਜ ਉਦੈ ਹੁੰਦਾ ਹੈ, ਹਨੇਰਾ ਮਿਟ ਜਾਂਦਾ ਹੈ, ਧੁੰਧ ਮਿਟ ਜਾਂਦੀ ਹੈ। ਚੁਫੇਰੇ ਚਾਨਣ ਹੋ ਜਾਂਦਾ ਹੈ। ਇਹਦੇ ਵਿਚ ਹਨੇਰਾ ਅਤੇ ਧੁੰਦ ਤਾਂ ਨਾਂ-ਵਾਚਕ ਹਨ। ਪਰ 'ਤਾਰੇ ਛਿਪੇ' - ਤਾਰੇ ਵੀ ਤਾਂ ਪ੍ਰਕਾਸ਼ ਦੇ ਸ੍ਰੋਤ ਹਨ, ਭਾਵੇਂ ਬਹੁਤ ਥੋੜਾ ਚਾਨਣ ਹੋਵੇ। ਜਿਵੇਂ ਸਾਡੇ ਬ੍ਰਹਿਮੰਡ ਵਿਚ ਕਈ ਤਾਰੇ ਹਨ ਜਿੰਨ੍ਹਾਂ ਦੀ ਰੋਸ਼ਨੀ ਧਰਤੀ ਤੱਕ ਪੁੱਜਦੀ ਹੀ ਨਹੀਂ, ਜਿੰਨ੍ਹਾਂ ਦੀ ਪੁੱਜਦੀ ਹੈ, ਏਨੀ ਘੱਟ ਰੋਸ਼ਨੀ ਪੁੱਜਦੀ ਹੈ ਕਿ ਹਨੇਰੇ ਨੂੰ ਖਤਮ ਨਹੀਂ ਕਰ ਸਕਦੀ। ਇਹ ਤਾਰੇ ਜੋ ਗੁਰੂ ਨਾਨਕ ਦੇ ਪ੍ਰਗਟ ਹੋਣ ਨਾਲ ਛਿਪ ਗਏ। ਇਹ ਉਹ ਫਲਸਫੇ ਹਨ ਜਿਨਾਂ ਦਾ ਚਾਨਣ ਲੋਕ ਜੀਵਨ ਚੋਂ ਵਹਿਮਾਂ-ਭਰਮਾਂ ਦਾ, ਦੁਬਿਧਾ ਦਾ, ਅਗਿਆਨ ਦਾ ਅੰਧਕਾਰ ਦੂਰ ਕਰਨ ਦੇ ਸਮਰੱਥ ਨਹੀਂ ਸੀ। ਗੁਰੂ ਨਾਨਕ ਚਾਨਣ ਦਾ ਉਹ ਸੂਰਜ ਸੀ ਜਿਸ ਨੇ ਆਮ ਲੋਕ-ਜੀਵਨ ਦੇ ਵਿਹੜੇ ਰੁਸ਼ਨਾਏ। ਲੋਕਾਂ ਨੂੰ ਜਾਪਿਆ ਇਹ ਉਹ ਗਿਆਨ ਹੈ ਜੋ ਸਾਨੂੰ ਜੀਉਣ ਜੋਗੇ ਕਰ ਸਕਦਾ ਹੈ। ਗੁਰੂ ਨਾਨਕ ਦੇਵ ਮਹਾਤਮਾ ਬੁੱਧ ਵਾਂਗ ਜਾਂ ਸ੍ਰੀ ਰਾਮ ਚੰਦਰ ਜੀ ਵਾਂਗ ਰਾਜੇ ਦੇ ਪੁੱਤਰ ਨਹੀਂ ਸਨ ਅਤੇ ਨਾ ਹੀ ਗੁਰੂ ਸਾਹਿਬ ਨੇ ਅਪਣੇ ਆਪ ਨੂੰ ਹਜਰਤ ਈਸਾ ਵਾਂਗ ਰੱਬ ਦਾ ਪੁੱਤਰ ਕਿਹਾ ਅਤੇ ਨਾ ਹੀ ਹਜਰਤ ਮੁਹੰਮਦ ਸਾਹਿਬ ਵਾਂਗ ਰੱਬ ਦਾ ਵਿਸ਼ੇਸ਼ ਪੈਗੰਬਰ ਕਿਹਾ, ਸਗੋਂ ਆਪ ਕਹਿੰਦੇ ਕੀ ਹਨ- ਹਮ ਆਦਮੀ ਹਾਂ ਇਕ ਦਮੀ, ਮੋਹਲਤਿ ਮੁਹਤੁ ਨ ਜਾਣਾ॥ ਜਦੋਂ ਗੁਰੂ ਸਾਹਿਬ ਲੋਕਾਂ ਵਰਗੇ ਬਣ ਕੇ ਲੋਕਾਂ ਸਾਮ੍ਹਣੇ ਗਏ ਤਾਂ ਲੋਕ ਉਨ੍ਹਾਂ ਨੂੰ ਮੁਹੰਮਦ ਕਹਿਣ ਲੱਗੇ। ਜਦੋਂ ਗੁਰੂ ਸਾਹਿਬ ਵੇਈਂ ਵਿਚੋਂ ਨਿਕਲੇ ਤਾਂ ਉਨ੍ਹਾਂ ਕਿਹਾ, - ਨਾ ਹਮ ਹਿੰਦੂ, ਨਾ ਹਮ ਮੁਸਲਮਾਨ-ਇਕ ਦੂਸਰੇ ਦੇ ਵਿਰੋਧੀ ਧਰਮਾਂ ਨੂੰ ਸਾਂਝੀਵਾਲਤਾ ਦਾ, ਇਨਸਾਨੀਅਤ ਦਾ ਸੰਦੇਸ਼ ਦਿੱਤਾ। ਮਲਕ ਭਾਗੋ ਦੀ ਜਗ੍ਹਾ ਇਕ ਗਰੀਬ ਕਿਰਤੀ ਭਾਈ ਲਾਲੋ ਨੂੰ ਨਿਵਾਜਦੇ ਹਨ ਅਤੇ ਆਖਦੇ ਹਨ- 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਗੁਰੂ ਸਾਹਿਬ ਨੇ ਕਿਰਤ ਦੀ ਕਦਰ ਕਰਨੀ ਸਿਖਾਈ। ਜਦੋਂ ਆਪ ਨੇ ਜ਼ਾਲਮ ਅਤੇ ਅਨਿਆਂ ਕਰਨ ਵਾਲੇ ਹਾਕਮਾਂ ਵਾਸਤੇ ਜੁਰਅਤ ਨਾਲ ਕਿਹਾ- 'ਰਾਜੇ ਸੀਹ ਮੁਕਦਮ ਕੁਤੇ'- ਤਾਂ ਆਮ ਲੋਕਾਂ ਨੂੰ ਲੱਗਿਆ ਕਿ ਇਹ ਤਾਂ ਸਾਡੇ ਦਿਲਾਂ ਦੀ ਅਵਾਜ਼ ਬਣ ਕੇ ਆਏ ਹਨ।

ਆਪ ਨੇ -'ਸਭੇ ਸਾਝੀਵਾਲ ਸਦਾਇਨਿ' ਅਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਰਬ ਸਾਂਝਾ ਸੰਦੇਸ਼ ਦਿੱਤਾ। ਆਪਣੀ ਮਾਂ ਬੋਲੀ ਵਿਚ, ਸਰਲ ਲੋਕ ਭਾਸ਼ਾ ਵਿਚ ਬਾਣੀ ਰਚੀ। ਆਪਣੀ ਬੋਲੀ, ਆਪਣੇ ਸਭਿਆਚਾਰ ਨਾਲ ਲੋਕਾਂ ਨੂੰ ਜੋੜਿਆ। ਸਰਬੱਤ ਦੇ ਭਲੇ ਦਾ ਪੈਗਾਮ ਦਿੱਤਾ। ਪੰਜਾਬ ਨੂੰ ਇਕ ਅਜੇਹਾ ਜੀਵੰਤ ਸਭਿਆਚਾਰ ਦਿੱਤਾ ਜਿਸਦੇ ਬਾਰੇ ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ-

'ਪੰਜਾਬ ਨਾ ਹਿੰਦੂ, ਨਾ ਮੁਸਲਮਾਨ,
ਪੰਜਾਬ ਜਿਊਂਦਾ ਗੁਰਾਂ ਦੇ ਨਾਮ'॥

ਗੁਰੂ ਸਾਹਿਬ ਨੇ ਆਪਣਾ ਸੰਦੇਸ਼ ਆਪਣੀ ਬੋਲੀ ਵਿਚ ਦਿੱਤਾ। ਇਸਤਰੀ ਨੂੰ ਮਾਨਵਤਾ ਦੀ ਜਣਨੀ ਕਹਿ ਕੇ ਮਾਣ ਦਿੱਤਾ। ਜ਼ੁਲਮ ਦੇ ਵਿਰੁੱਧ ਨਿਰਭੈਤਾ ਦਾ, ਸੂਰਬੀਰਤਾ ਦਾ ਪਾਠ ਪੜ੍ਹਾਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੱਖਰੀਆਂ ਪ੍ਰਸਥਿਤੀਆਂ ਵਿਚ, ਜਦੋਂ ਸਮਾਜ ਗੁਲਾਮੀ ਨੂੰ ਸ਼ਿੰਗਾਰ ਵੱਜੋਂ ਅਪਨਾ ਚੁੱਕਾ ਸੀ। ਅੰਗ੍ਰੇਜ਼ੀ ਰਾਜ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ, ਮੁੜ ਸਿੱਖੀ ਜੀਵਨ ਜਾਚ ਦ੍ਰਿੜ੍ਹਾਈ। ਅੱਜ ਗੁਰੂ ਸਾਹਿਬ ਦਾ ਸ਼ਤਾਬਦੀ ਵਰ੍ਹਾ ਮਨਾਉਂਦਿਆਂ ਸਾਨੂੰ ਚਾਹੀਦਾ ਹੈ ਕਿ ਅਸੀਂ ਬਜਾਏ ਏਸ ਗਲ ਦੇ ਕਿ ਇਕ ਦੂਸਰੇ ਨੂੰ ਕਹੀਏ, ਓਹ ਸਿੱਖ ਨਹੀਂ।ਅਸੀਂ ਆਪਣੇ ਆਪ ਨੂੰ ਪੁੱਛੀਏ ਕਿ ਅਸੀਂ ਕਿੰਨੇ ਕੁ ਸਿੱਖ ਹਾਂ। ਅਸੀਂ ਗੁਰੂ ਸਾਹਿਬ ਦੇ ਹੁਕਮਾਂ ਦੇ ਧਾਰਨੀ ਬਣੀਏ।

ਸ੍ਰੀ ਸਤਿਗੁਰੂ ਜੀ ਨੇ ਸੰਧੂ ਜੀ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਨੌਜਵਾਨ ਅਜੀਤ ਸਿੰਘ ਜੀ ਨੇ ਬਰੈਂਪਟਨ ਦੇ ਮੇਅਰ ਸ੍ਰੀ ਪੈਟਰਿਕ ਬਰਾਊਨ ਨੂੰ ਜੀਓ ਆਇਆਂ ਕਿਹਾ।

ਬਰੈਂਪਟਨ ਸ਼ਹਿਰ ਦੇ ਮੇਅਰ ਸ੍ਰੀ ਪੈਟਰਿਕ ਬਰਾਊਨ (Patrick Brown) ਜੀ ਨੂੰ ਮੰਚ ਤੇ ਕੁਝ ਸ਼ਬਦ ਆਖਣ ਲਈ ਅਜੀਤ ਸਿੰਘ ਨੇ ਆਮੰਤਰਿਤ ਕੀਤਾ।

The Mayor of the city of Brampton said they are very lucky to have the Namdhari Community in Brampton. He has offered to help The Namdhari community as they build their very own Gurdwara in Brampton, and has promised to get rid of any problems.

He welcomed Sri Satguru Uday Singh Ji to Brampton and thanked him for all His Blessings during the campaign. He said blessings from the Namdhari community hold significance and always work out well.

The Mayor presented Sri Satguru Ji with a certificate to tankh Him for his gesture of love to the community and His spiritual guidance.

ਮੰਚ ਸੰਚਾਲਕ ਅਜੀਤ ਸਿੰਘ ਨੇ ਕੰਜ਼ਰਵੇਟਿਵ ਪਾਰਟੀ ਦੇ ਐਮ. ਪੀ. ਦੇ ਉਮੀਦਵਾਰ ਨੂੰ ਜੀਉ ਆਇਆ ਕਿਹਾ। ਏਥੋਂ ਦੀ ਰਾਜਨੀਤੀ ਵਿਚ ਆਪਣਾ ਮਾਣਯੋਗ ਸਥਾਨ ਬਣਾ ਚੁੱਕੇ ਸ੍ਰ. ਰਮਨਦੀਪ ਸਿੰਘ ਜੀ ਨੇ ਕਿਹਾ ਕਿ ਨਾਮਧਾਰੀ ਸਿੱਖਾਂ ਦਾ ਇਤਿਹਾਸ ਏਡਾ ਮਹਾਨ ਹੈ ਕਿ ਕਿੰਨੇ ਵੀ ਬੁਲਾਰੇ ਆ ਜਾਣ ਹਰ ਕਿਸੇ ਕੋਲ ਨਵੀਆਂ ਗੱਲਾਂ ਕਰਨ ਲਈ ਬਹੁਤ ਮੈਟਰ ਹੋਵੇਗਾ। ਆਜ਼ਾਦੀ ਸੰਗ੍ਰਾਮ ਵਿਚ ਸਭ ਤੋਂ ਪਹਿਲਾਂ ਨਾ ਮਿਲਵਰਤਨ ਅਤੇ ਬਾਈਕਾਟ ਦਾ ਕਾਰਆਮਦ ਹਥਿਆਰ ਈਜ਼ਾਦ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਹਨ। ਕੁਰਬਾਨੀਆਂ ਦੀ ਮਿਸਾਲ ਨਾਮਧਾਰੀ ਸ਼ਹੀਦਾਂ ਵਰਗੀ ਕਿਧਰੇ ਨਹੀਂ ਮਿਲਦੀ ਜਿਨਾਂ ਨੇ ਖਾਲਸਾਈ ਸੂਰਬੀਰਤਾ ਦੇ ਇਤਿਹਾਸ ਨੂੰ ਮੁੜ ਦੁਹਰਾਇਆ। ਮੈਨੂੰ ਬਹੁਤ ਖੁਸ਼ੀ ਹੋਈ ਜਦੋਂ ਪਤਾ ਲੱਗਾ ਕਿ ਸਤਿਗੁਰੂ ਉਦੇ ਸਿੰਘ ਜੀ ਆਪ ਹਾਕੀ ਦੇ ਖਿਡਾਰੀ ਰਹੇ ਹਨ ਅਤੇ ਵਿਸ਼ਵ ਪ੍ਰਸਿੱਧ ਨਾਮਧਾਰੀ ਸੀਡਜ਼ ਦਾ ਵੀ ਆਪ ਹੀ ਸੰਚਾਲਨ ਕਰ ਰਹੇ ਹਨ। ਤੁਹਾਡੇ ਸਮਾਜ ਨੇ ਹਾਕੀ ਦੇ ਓਲੰਪੀਅਨ ਖਿਡਾਰੀ ਪੈਦਾ ਕੀਤੇ। ਮੈਂ ਐਗਰੀਕਲਚਰ ਸਾਇੰਸ ਵਿਚ ਪੀ. ਐਚ. ਡੀ. ਕੀਤੀ ਹੈ। ਮੈਨੂੰ ਬਹੁਤ ਖੁਸ਼ੀ ਹੋਈ ਕਿ ਭਾਰਤ ਵਿਚ ਬੀਜ ਉਤਪਾਦਨ, ਫਰੈਸ਼ ਵੈਜ਼ੀਟੇਬਲ ਅਤੇ ਬਾਗਬਾਨੀ ਵਿਕਾਸ ਵਿਚ ਨਾਮਧਾਰੀ ਸੀਡਜ਼ ਕੰਪਨੀ ਦਾ ਅਹਿਮ ਯੋਗਦਾਨ ਹੈ। ਮੈਂ ਸ੍ਰੀ ਸਤਿਗੁਰੂ ਜੀ ਦਾ ਕੈਨੇਡਾ ਵਿਖੇ ਦਰਸ਼ਨ ਦੇਣ ਲਈ ਧੰਨਵਾਦ ਵੀ ਕਰਦਾ ਹਾਂ ਅਤੇ ਜੀਓ ਆਇਆ ਆਖਦਾ ਹਾਂ।

ਸੰਖੇਪ ਸਪੀਚ ਉਪਰੰਤ ਸ੍ਰ. ਬਰਾੜ ਜੀ ਨੇ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕਲਿਆਣਕਾਰੀ ਪ੍ਰਵਚਨ ਕੀਤੇ–

ਪਰਮ ਸਤਿਕਾਰ ਯੋਗ ਸਾਡੇ ਬਾਹਰੋਂ ਆਏ ਪ੍ਰਾਹੁਣੇ, ਸ. ਵਰਿਆਮ ਸਿੰਘ ਸੰਧੂ ਜੀ, ਸ੍ਰੀ ਪੈਟਰਿਕ ਬਰਾਊਨ, ਸ. ਰਮਨਦੀਪ ਬਰਾੜ ਜੀ ਅਤੇ ਸਤਿਕਾਰ ਯੋਗ ਸਾਧ ਸੰਗਤ ਜੀ ਸਾਰਿਆਂ ਦੇ ਵੀਚਾਰ ਸੁਣ ਕੇ ਬਹੁਤ ਚੰਗਾ ਲੱਗਾ ਹੈ, ਸਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਪਰਉਪਕਾਰ ਦੱਸੇ ਨੇ, ਗੁਰੂ ਨਾਨਕ ਦੇਵ ਜੀ ਦੀ ਫਿਲੌਸਫੀ ਦੀ ਗਲ ਕੀਤੀ ਹੈ। ਮੈਂ ਹੋਰ ਬਹੁਤ ਕੁਝ ਨਾ ਆਖਦਾ ਹੋਇਆ ਇਹ ਕਹਿਣਾ ਚਹਾਂਗਾਂ ਕਿ ਅਸੀਂ ਸਿੱਖੀ ਦੇ ਉਨ੍ਹਾਂ ਅਸੂਲਾਂ ਨੂੰ ਸਾਂਭ ਕੇ ਰੱਖੀਏ

ਜਿਸਦਾ ਸਾਨੂੰ ਮਾਣ ਹੈ। ਬੇਸ਼ੱਕ ਅਸੀਂ ਭਾਰਤ ਵਿਚ ਹੋਈਏ ਜਾਂ ਏਥੇ ਕੈਨੇਡਾ ਵਿਚ ਹੋਈਏ, ਉਹ ਗੁਰੂ ਨਾਨਕ ਦੇਵ ਜੀ ਦਾ ਜੋ ਸੰਦੇਸ਼ ਹੈ ਉਹ ਅੱਜ ਵੀ ਉਨ੍ਹਾਂ ਹੀ ਰੈਲੇਵੈਂਟ (ਸਾਰਥਕ) ਹੈ ਜਿਨਾਂ ਸਾਢੇ ਪੰਜ ਸੌ ਸਾਲ ਪਹਿਲਾਂ ਸੀ। ਏਥੇ ਮੇਅਰ ਸਾਹਿਬ ਆਏ ਨੇ ਉਨ੍ਹਾਂ ਧੰਨਵਾਦ ਕੀਤਾ ਹੈ ਕਿ ਇਸ ਕਮਿਊਨਿਟੀ ਨੇ ਮੇਰਾ ਸਾਥ ਦਿੱਤਾ ਹੈ। ਮੇਰਾ ਵੀ ਇਹ ਕਹਿਣ ਨੂੰ ਜੀਅ ਕਰਦਾ ਹੈ ਕਿ ਜੇਹੜਾ ਦੇਸ਼ ਸਾਨੂੰ ਆਪਣਾ ਪਿਆਰ ਦੇ ਰਿਹਾ ਹੈ, ਅਸੀਂ ਉਸ ਦੇਸ਼ ਦੇ ਬਹੁਤ ਚੰਗੇ ਨਾਗਰਿਕ ਬਣੀਏ। ਉਨ੍ਹਾਂ ਨੂੰ ਵੀ ਇਹ ਗੱਲ ਚੰਗੀ ਲੱਗੇ ਕਿ ਇਹ ਜਿਹੜੇ ਗੁਰੂ ਨਾਨਕ ਦੇਵ ਦੇ ਸਿੱਖ ਸਾਡੇ ਕੋਲ ਆਏ ਨੇ, ਇਹ ਬੜੇ ਚੰਗੇ ਇਨਸਾਨ ਨੇ। ਬਹੁਤ ਦੇਸ਼ਾਂ ਵਿੱਚ ਘੁੰਮਣ ਦਾ ਮੌਕਾ ਮਿਲਦਾ ਹੈ, ਕੁਝ ਦੇਸ਼ਾਂ ਵਿਚ ਕੁਛ ਐਸੇ ਕਾਰਣ ਹੋਏ, ਸਾਡੇ ਕਪੜੇ ਵੇਖ ਕੇ ਜਿਸ ਢੰਗ ਨਾਲ ਤੁਸੀਂ ਇੰਮੀਗਰੇਸ਼ਨ ਚੋਂ ਲੰਘਦੇ ਹੋ, ਭਾਂਵੇਂ ਕੋਈ ਕਹਿੰਦਾ ਕੁਛ ਨਹੀਂ ਪਰ ਤੁਹਾਨੂੰ ਕੁਝ ਫੀਲਿੰਗ ਹੁੰਦੀ ਹੈ, ਜੇਹੜੀ ਐਸ ਦੇਸ਼ ਵਿਚ ਆ ਕੇ ਨਹੀਂ ਹੁੰਦੀ। ਐਸ ਦੇਸ਼ ਵਿਚ ਉਵੇਂ ਹੀ ਤੁਹਾਨੂੰ ਜੀ ਆਇਆ ਆਖਿਆ ਜਾਂਦਾ ਹੈ, ਜਿਨਾਂ ਤੁਹਾਨੂੰ ਆਪਣੇ ਦੇਸ਼ ਵਿਚ ਆਖਿਆ ਜਾਂਦਾ ਹੈ–

May I share the feelings, Mr. Petrick Brown.

I was telling, I get opportunity to travel all over the world, we pass through your big neighbours and some times we do not feel very welcomed. The moment we entered this country we feel welcomed here as we feel in our own country, I think this is the greatness, Which has been made by the people, by the Government and I hope, Own Namdhari Sikh or we all the Sikhs of Guru Nanak Dev, will contribute toward the farther development of this great culture of this great country. We wish you, a beautiful, a very nice and very peaceful future.

ਮੈਂ ਇਹ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਦੇਂਦਾ ਹੋਇਆ ਕਿ ਉਨ੍ਹਾਂ ਦੇ ਦੱਸੇ ਰਸਤੇ ਤੇ ਚੱਲ ਕੇ ਸਾਰੀ ਦੁਨੀਆਂ ਵਿਚ ਸ਼ਾਂਤੀ ਹੋ ਸਕਦੀ ਹੈ। ਸੰਧੂ ਸਾਹਿਬ ਨੇ ਬਹੁਤ ਚੰਗੀ ਗੱਲ ਕੀਤੀ ਹੈ। ਛੋਟੀਆਂ-ਛੋਟੀਆਂ ਚੀਜ਼ਾਂ ਚੋਂ ਸੰਕੀਰਨਤਾ ਚੋਂ ਸਾਨੂੰ ਬਾਹਰ ਨਿਕਲਣ ਦੀ ਲੋੜ ਹੈ, ਸਾਨੂੰ ਗੁਰੂ ਨਾਨਕ ਦੇਵ ਜੀ ਦੀ ਫਿਲੌਸਫੀ ਸਮਝਣ ਦੀ ਲੋੜ ਹੈ। ਮੈਂ ਅਰਜ਼ ਕਰਨੀ ਚਾਹਾਂਗਾ ਕਿ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਫਿਲੌਸਫੀ ਕਿਵੇਂ ਦ੍ਰਿੜ ਕਰਵਾਈ ਹੈ। ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਉਸ ਔਰਤ ਨੂੰ ਕਿਉਂ ਮੰਦਾ ਆਖਦੇ ਹੋ ਜਿਹੜੀ ਰਾਜਿਆਂ ਨੂੰ ਜੇ ਕਹਿ ਲਈਏ ਭਗਤਾਂ ਨੂੰ, ਗੁਰੂ ਪੀਰਾਂ ਨੂੰ, ਅਵਤਾਰਾਂ ਨੂੰ ਜਨਮ ਦੇਂਦੀ ਹੈ। ਜੇ ਅਸੀਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਹੁਕਮਨਾਮੇਂ ਪੜੀਏ, ਉਥੇ ਲਿਖਿਆ ਹੈ– ਕੁੜੀ ਦਾ ਮਾਰਨਾ, ਗਊ (ਮਾਰਨ) ਤੇ ਬੀ ਬੜਾ ਪਾਪ ਹੈ। ਕਿੰਨੇ ਪਿਆਰ ਨਾਲ ਸੱਚੇ ਪਾਤਸ਼ਾਹ ਆਖਦੇ ਹਨ– 'ਔਰਤ ਦੇ ਗੁਣ ਮੇਰੇ ਤੇ ਕਹੇ ਨਹੀਂ ਜਾਂਦੇ।' ਉਹ ਸਮਾਂ ਵੇਖੋ ਜਦੋਂ ਵੱਟੇ ਦੇ ਵਿਆਹ ਹੁੰਦੇ ਸਨ, ਪੈਸੇ ਲੈ ਕੇ ਕੁੜੀਆਂ ਨੂੰ ਵੇਚਿਆ ਜਾਂਦਾ ਸੀ। ਉਸ ਸਮੇਂ ਸਤਿਗੁਰੂ ਜੀ ਹੁਕਮਨਾਮੇਂ ਵਿਚ ਲਿਖਦੇ ਹਨ ਕਿ ਪੈਸੇ ਲੈ ਕੇ ਜਾਂ ਵੱਟੇ ਦਾ ਵਿਆਹ ਕਰਕੇ ਕੁੜੀ ਨੂੰ ਵਰ ਚੰਗਾ ਨਹੀਂ ਮਿਲਦਾ ਜਾਂ ਵੱਡੀ ਉਮਰ ਦਾ ਮਿਲਦਾ ਹੈ, ਉਹ ਦੁਖੀ ਹੁੰਦੀ ਹੈ, ਇਸਦਾ ਪਾਪ ਮਾਪਿਆਂ ਨੂੰ ਲਗਦਾ ਹੈ। ਉਸ ਸਮੇਂ ਦਾ ਅਸੀਂ ਭਾਰਤ ਵੇਖੀਏ, ਕਿਸ ਤਰ੍ਹਾਂ ਸਤੀ ਪ੍ਰਥਾ ਨੂੰ ਬੰਦ ਕੀਤਾ। ਕਿਸ ਤਰ੍ਹਾਂ ਵਿਧਵਾ ਵਿਆਹ ਕੀਤੇ। ਵਿਧਵਾ ਵਿਆਹ ਇਸ ਕਰਕੇ ਉਚੇਚ ਨਾਲ ਕੀਤੇ ਕਿ ਇਕ ਨਵੀਂ ਲੀਹ ਪੌਣੀ ਸੀ। ਨਵੀਂ ਪੀੜੀ ਨੂੰ ਸ਼ਾਇਦ ਇਹ ਸ਼ਬਦ ਹੀ ਭੁੱਲ ਜਾਣਗੇ ਕਿ ਵਿਧਵਾ ਕੀ ਹੁੰਦੀ ਸੀ, ਉਸਨੂੰ ਕਲੰਕ ਸਮਝਿਆ ਜਾਂਦਾ ਸੀ। ਇਹ ਇਸਤਰੀ ਜਾਤੀ ਦੀ ਮੁਕਤੀ ਦੀ ਕਿਰਪਾ ਮਹਾਨ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ। ਸਾਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਹੈ ਕਿ ਅਸੀਂ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਅਖਵਾਉਂਦੇ ਹਾਂ। ਅਸੀਂ ਉਸ ਮਹਾਨ ਸਤਿਗੁਰੂ ਨੂੰ ਯਾਦ ਕਰ ਲਈਏ ਜਿਸ ਪਾਤਸ਼ਾਹ ਨੇ ਇਹ ਸਿੱਖੀ ਏਥੇ ਕਾਇਮ ਰੱਖੀ ਹੈ। ਜਿਨਾਂ ਨੇ ਸਾਨੂੰ ਇਹ ਮਾਣ ਦਵਾਇਆ ਹੈ ਕਿ ਅਸੀਂ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਅਖਵਾ ਸਕੀਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਇਹ ਮਹਾਨ ਕਿਰਪਾ ਕੀਤੀ। ਸਾਡੇ ਤੇ ਇਹ ਬੜੀ ਵੱਡੀ ਜਿੰਮੇਵਾਰੀ ਹੈ ਕਿ ਅਸੀਂ ਚੰਗੇ ਸਿੱਖ ਬਣ ਸਕੀਏ। ਜਦੋਂ ਅਸੀਂ ਚੰਗੇ ਸਿੱਖ ਬਣ ਜਾਵਾਂਗੇ, ਸਾਡੀਆਂ ਬੁਰਿਆਈਆਂ ਆਪੇ ਹੀ ਖਤਮ ਹੋ ਜਾਣਗੀਆਂ। ਜਦੋਂ ਅਸੀਂ ਸਤਿਗੁਰੂ ਨਾਨਕ ਦੇਵ ਦੇ ਅਖਵਾਵਾਂਗੇ ਫੇਰ ਸਾਨੂੰ ਝੂਠ ਬੋਲਦਿਆਂ ਸ਼ਰਮ ਆਵੇਗੀ, ਕਿਸੇ ਨੂੰ ਧੋਖਾ ਦੇਂਦਿਆਂ ਸ਼ਰਮ ਆਉਂਦੀ ਹੈ। ਸਾਨੂੰ ਮਾੜਾ ਕੰਮ ਕਰਦਿਆਂ ਸ਼ਰਮ ਆਉਂਦੀ ਹੈ, ਅਸੀਂ ਸੱਚੀਂ

ਮੁੱਚੀਂ ਗੁਰੂ ਨਾਨਕ ਦੇ ਅਖਵਾਈਏ, ਚੰਗੇ ਸਿੱਖ ਬਣੀਏ, ਉਸ ਸਿੱਖੀ ਮਾਰਗ ਤੇ ਚਲਦਿਆਂ ਜਿਹੜਾ ਵੀ ਸਾਨੂੰ ਮਿਲੇਗਾ ਉਸਨੂੰ ਵੀ ਉਸ ਸਿੱਖੀ ਦਾ ਅਨੰਦ ਮਿਲੇਗਾ। ਸਾਡੇ ਆਪਣੇ ਜੀਵਨ ਵਿਚ ਸ਼ਾਂਤੀ ਹੋਵੇਗੀ। ਉਹ ਸ਼ਾਂਤੀ ਦੂਜਿਆਂ ਤੱਕ ਵੀ ਪਹੁੰਚੇਗੀ। ਮੈਂ ਏਨੀਆਂ ਅਰਜ਼ਾਂ ਕਰਦਾ ਹੋਇਆ ਬਾਹਰੋਂ ਆਏ ਪ੍ਰਾਹੁਣਿਆਂ ਦਾ ਬਹੁਤ-ਬਹੁਤ ਧੰਨਵਾਦੀ ਹਾਂ। ਸਾਰੀ ਸੰਗਤ ਵੀ ਬਹੁਤ ਵੱਡੀ ਗਿਣਤੀ ਵਿਚ ਆਈ ਹੈ, ਏਸੇ ਤਰਾਂ ਹੀ ਸਵੇਰੇ ਆਸਾ ਦੀ ਵਾਰ 'ਚ ਦਰਸ਼ਨ ਦਿਉ, ਜਿੰਨੇ ਦਿਨ ਹੈਗੇ ਆਂ ਅੰਮ੍ਰਿਤ ਵੇਲੇ ਉੱਠ ਕੇ ਸਣੇ ਕੇਸੀ ਇਸ਼ਨਾਨ ਕਰਕੇ ਆਸਾ ਦੀ ਵਾਰ ਸੁਣੋ, ਨਾਮ ਸਿਮਰਨ ਕਰੀਏ। ਉਸ ਤੋਂ ਬਾਅਦ ਬੱਚਿਆਂ ਨੂੰ ਸੁਣੀਏ, ਉਨ੍ਹਾਂ ਨੂੰ ਸ਼ਾਬਾਸ਼ ਦੇਈਏ। ਜਿਨ੍ਹਾਂ ਵੀ ਹੋ ਸਕੇ, ਆਪਾਂ ਫਾਇਦਾ ਲਈਏ, ਸਿੱਖੀ ਨਾਲ ਜੁੜਨ ਵਾਸਤੇ। ਇਹੋ ਅਰਜ਼ ਕਰਕੇ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ॥

ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਨਾਲ ਸ਼ਾਮ ਦਾ ਪ੍ਰੋਗਰਾਮ ਸੰਪੂਰਨ ਹੋਇਆ। ਏਥੇ ਹੀ ਲੰਗਰ ਵਰਤਿਆ। ਸ੍ਰੀ ਸਤਿਗੁਰੂ ਜੀ ਡੇਰੇ (ਸੂਬਾ ਰੇਸ਼ਮ ਸਿੰਘ ਜੀ ਦੇ ਘਰ) ਆ ਕੇ ਹਾਲ ਕਮਰੇ ਚ ਬੈਠ ਕੇ ਸਿੱਖਾਂ-ਸੰਗਤਾਂ ਨਾਲ ਇਤਿਹਾਸ ਅਤੇ ਧਰਮ ਦੇ ਬਾਰੇ ਬਚਨ ਬਿਲਾਸ ਕੀਤੇ। ਵਿਸ਼ੇਸ ਕਰਕੇ ਸੂਬਾ ਜੀ ਦੇ ਲੜਕੇ ਰਤਨ ਸਿੰਘ ਨਾਲ ਜਿਸਨੂੰ ਇਤਿਹਾਸਕ ਖੋਜ ਦੀ ਬਹੁਤ ਰੁਚੀ ਹੈ। ਸਤਿਗੁਰੂ ਰਾਮ ਸਿੰਘ ਜੀ ਵੇਲੇ ਦੇ ਡਾਕੂਮੈਂਟ ਆਦਿ ਇੰਟਰਨੈੱਟ ਤੋਂ ਵੇਖਦਾ ਰਹਿੰਦਾ ਹੈ, ਉਸਨੂੰ ਇਤਿਹਾਸਕ ਤੱਥ ਵੀ ਬਹੁਤ ਯਾਦ ਹਨ।

14 ਜੁਲਾਈ– ਆਸਾ ਦੀ ਵਾਰ ਦੇ ਕੀਰਤਨ ਵਿਚ ਹਜ਼ੂਰੀ ਰਾਗੀਆਂ ਤੋਂ ਬਿਨਾਂ ਏਥੋਂ ਦੇ ਨੌਜੁਆਨ ਵੀ ਆਪਣੇ ਸਾਜ਼ਾਂ ਸਹਿਤ ਸ਼ਾਮਲ ਹੋਏ। ਮੰਚ ਤੇ 12 ਕੀਰਤਨਕਾਰਾਂ ਵਿਚ ਦੋ ਦਿਲਰੁਬਾ, ਦੋ ਤਬਲੇ ਅਤੇ ਇਕ ਤਾਰ ਸ਼ਹਿਨਾਈ ਦਾ ਅਨੂਠਾ ਸੰਗਮ ਸੀ। ਆਸਾ ਦੀ ਵਾਰ ਦੀ ਅਰਦਾਸ ਨੌਜੁਆਨ ਸੰਤਾ ਸਿੰਘ ਨੇ ਕੀਤੀ। ਉਪਰੰਤ ਨੌਜੁਆਨ ਅਜੀਤ ਸਿੰਘ ਨੇ ਮੰਚ ਤੋਂ ਦੱਸਿਆ ਕਿ ਕੁਝ ਬੱਚੇ ਸ੍ਰੀ ਹਜ਼ੂਰ ਦੇ ਸਨਮੁੱਖ ਸ਼ਬਦ ਗਾਇਨ ਅਤੇ ਭਾਸ਼ਣ ਆਦਿ ਪ੍ਰੋਗਰਾਮ ਪੇਸ਼ ਕਰਨਗੇ। ਬੱਚੀ ਗੁਰਮੀਤ ਕੌਰ, ਮੇਹਰ ਕੌਰ ਨੇ ਸ਼ਬਦ ਗਾਇਨ ਕੀਤੇ। ਸ਼ਬਦ ਗਾਇਨ ਤੋਂ ਬਿਨਾਂ ਬੱਚੇ-ਬੱਚੀਆਂ ਦੇ ਭਾਸ਼ਨ ਅਤੇ ਕਵਿਤਾਵਾਂ, ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਸਤਿਗੁਰੂ ਨਾਨਕ ਦੇਵ ਜੀ ਬਾਰੇ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਸਨ। ਹਾਕਮ ਸਿੰਘ ਸਪੁੱਤਰ ਹਰਜਿੰਦਰ ਸਿੰਘ ਨੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਸਪੀਚ ਦਿੱਤੀ। ਗੁਰਨੂਰ ਕੌਰ (ਸ. ਰਣਜੀਤ ਸਿੰਘ ਬਾਜਵਾ ਜੀ ਦੀ ਪੋਤਰੀ) ਨੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਇੰਗਲਿਸ਼ ਚ ਸਪੀਚ ਦਿੱਤੀ। ਉਪਰੰਤ ਦਇਆ ਕੌਰ, ਹਰਪ੍ਰੀਤ ਕੌਰ, ਗੁੱਡੀ ਤਾਰੋ ਕੌਰ, ਤਰਨ ਕੌਰ, ਗਗਨਦੀਪ ਕੌਰ, ਗੁਰਦੇਵ ਕੌਰ, ਸਿਮਰਨ ਕੌਰ ਅਤੇ ਗੁਰਬਖਸ਼ ਕੌਰ ਮੁਕਤਾ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਕੁਝ ਬੱਚਿਆਂ ਨੂੰ ਪੱਗਾਂ ਬੰਨ੍ਹਣ ਦੀ ਕਿਰਪਾ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕੀਤੀ–

ਤੁਸੀਂ ਬੱਚੇ, ਬੱਚੀਆਂ, ਨੌਜੁਆਨਾਂ ਨੇ ਭਾਸ਼ਣ ਦਿੱਤੇ, ਸ਼ਬਦ ਗਾਇਨ ਕੀਤੇ ਹਨ। ਮਾਪਿਆਂ ਦਾ ਵੀ ਧੰਨਵਾਦ, ਜਿਨ੍ਹਾਂ ਨੇ ਬੱਚਿਆਂ ਨੂੰ ਤਿਆਰੀ ਕਰਵਾਈ ਹੈ। ਮੈਂ ਕੁਝ ਦੋ-ਚਾਰ ਚੀਜ਼ਾਂ ਅੱਗੋਂ ਪਲੈਨਿੰਗ ਵਾਸਤੇ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ। ਇਕ ਤੇ ਤੁਸੀਂ ਏਥੇ ਬਹੁਤ ਸਾਰੇ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਲੈਂਦੇ ਹੋ, ਪਾਠ ਕਰ ਲੈਂਦੇ ਹੋ। ਮਹੀਨੇ ਦਾ ਇਕ ਸਾਧਾਰਨ ਪਾਠ ਬੱਚੇ ਕਰ ਲਿਆ ਕਰਨ, ਇਕ ਪਾਠ ਬੱਚੀਆਂ ਕਰ ਲਿਆ ਕਰਨ। ਤੁਸੀਂ ਬਹੁਤ ਜਣੇ ਪਾਠੀ ਹੋ, ਕੋਈ ਮੁਸ਼ਕਲ ਨਹੀਂ ਹੋਵੇਗਾ। ਤੁਸੀਂ ਜਿਹੜੇ-ਜਿਹੜੇ ਵੀ ਪਾਠ ਕਰ ਸਕਦੇ ਹੋ, ਉਹ ਸਾਨੂੰ ਦੱਸ ਦਿਉ, ਪਾਠ ਸੁਣਾ ਦਿਉ, ਤਾਕਿ ਅਸੀਂ ਵੇਖ ਲਈਏ ਕਿ ਤੁਹਾਨੂੰ ਪਾਠ ਆਉਂਦਾ ਹੈ। ਜਿਹੜੇ ਹੁਣ ਨਾ ਸੁਣਾ ਸੱਕੇ ਥੋੜੇ ਦਿਨਾਂ ਤੱਕ ਸੰਤ ਨਿਸ਼ਾਨ ਸਿੰਘ ਜੀ ਏਥੇ ਆ ਜਾਣਗੇ, ਉਨ੍ਹਾਂ ਨੂੰ ਪਾਠ ਸੁਣਾ ਦਿਉ। ਇਸ ਤਰ੍ਹਾਂ ਮਹੀਨੇ ਦੇ ਦੋ ਪਾਠ ਹੋ ਜਾਣਗੇ, ਤੁਸੀਂ ਬਾਣੀ ਨਾਲ ਜੁੜੇ ਰਹੋਗੇ। ਦੂਸਰਾ ਕੁਝ ਏਥੇ ਸ੍ਰੀ ਭੈਣੀ ਸਾਹਿਬ ਤੋਂ ਵੀ ਆਏ ਹਨ, ਕਈ ਅਖੰਡ ਪਾਠੀ ਵੀ ਹਨ। ਆਪਾਂ ਇਹ ਵੀ ਕੋਸ਼ਿਸ਼ ਕਰੀਏ ਕਿ ਹਰ ਤਿੰਨ ਮਹੀਨੇ ਵਿਚ ਇਕ ਅਖੰਡ ਪਾਠ ਵੀ ਕਰ ਲਿਆ ਕਰੀਏ। ਮਰਿਯਾਦਾ ਰੱਖਣ ਦੀ ਵੀ ਜਾਚ ਬੱਚਿਆਂ ਨੂੰ ਆਉਂਦੀ ਰਹੇਗੀ ਅਤੇ ਅਖੰਡ ਪਾਠੀ ਵੀ ਬਣਦੇ ਰਹਿਣਗੇ। ਇਹ ਦੋ ਚੀਜ਼ਾਂ ਆਪਾਂ ਸ਼ੁਰੂ ਕਰ ਲਈਏ। ਇਸ ਤੋਂ ਬਿਨਾਂ ਕੁਝ ਬੱਚਿਆਂ ਨੇ ਸ਼ਬਦ ਗਾਏ ਹਨ। ਹੁਣ ਸੰਗੀਤ ਸਿਖਾਉਣ ਵਾਲੇ ਵੀ ਏਥੇ ਹੈਗੇ ਨੇ, ਵੱਧ ਤੋਂ ਵੱਧ ਬੱਚੇ ਸੰਗੀਤ ਵੀ ਸਿੱਖਣ। ਇਕ ਹੋਰ ਕਿ ਏਥੇ ਕੋਈ ਆਪਣੇ ਆਪ ਤਿਆਰੀ ਕਰਕੇ ਬੋਲਣ, ਇਕ ਸਬਜੈਕਟ ਹੈ ਨੌਜੁਆਨਾਂ ਵਾਸਤੇ, ਲਿਖ ਕੇ ਨਹੀਂ ਤੁਹਾਡੇ ਆਪਣੇ ਵਿਚਾਰ ਸੁਣਨਾਂ ਚਾਹਾਂਗਾ ਕਿ ਅੱਜ-ਕੱਲ੍ਹ ਦੀ ਦੁਨੀਆਂ ਵਿਚ ਸਿੱਖੀ ਦੀ ਰੈਲੇਵੈਂਸ ਕੀ ਹੈ, ਸਿੱਖੀ ਦੀ ਇੰਪੌਰਟੈਂਸ (ਮਹੱਤਤਾ) ਕੀ ਹੈ। ਅਗਲੀ ਜੈਨਰੇਸ਼ਨ ਨੂੰ ਏਥੋਂ ਦੇ ਚੈਲੇਂਜ਼ਜ਼, ਦੁਨੀਆਂ ਦੇ ਚੈਲੇਂਜ਼ਜ਼

Sri Satguru Jagjit Singh Ji Elibrary NamdhariElibrary@gmail.com

(ਚੁਨੌਤੀਆਂ) ਆਪਾਂ ਸਿੱਖੀ ਵਿਚ ਕਿਸ ਤਰ੍ਹਾਂ ਰਹਿ ਸਕਦੇ ਹਾਂ। ਤੁਸੀਂ ਆਪਣੇ ਆਪਨੂੰ ਕਿਸ ਤਰ੍ਹਾਂ ਕਨਵਿੰਸ ਕਰ ਸਕਦੇ ਹੋ। ਜਿਹੜੇ ਵੀ ਤੁਸੀਂ ਬੋਲਣਾ ਚਾਹੇ ਫੌਰਮਲੀ, ਇਨਫੌਰਮਲੀ ਮੈਂ ਤੁਹਾਡੇ ਵਿਚਾਰ ਸੁਣਨਾ ਚਾਹਾਂਗਾ। ਉਹ ਵਿਚਾਰ ਤੁਹਾਡੇ ਓਰਿਜ਼ਨਲ ਹੋਣ, ਇਹ ਸਬਜੈਕਟ ਇਸ ਤਰ੍ਹਾਂ ਦਾ ਨਹੀਂ ਕਿ ਤੁਸੀਂ ਕਿਸੇ ਤੋਂ ਲਿਖਵਾ ਕੇ ਲਿਆਉ। ਇਹ ਤੁਹਾਡੀ ਜੈਨਰੇਸ਼ਨ ਨੇ, ਤੁਸੀਂ ਫੇਸ ਕਰਨਾ ਹੈ। ਕਿਰਪਾ ਤਾਂ ਪਾਤਸ਼ਾਹ ਜੀ ਦੀ ਹੋਣੀ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਕਿਰਪਾ ਕਰਨ। ਆਪਾਂ ਇਹ ਚੈਲੇਂਜ਼ਜ਼ ਫੇਸ ਕਰ ਸਕੀਏ। ਬਾਕੀ ਸਫਲਤਾ ਦੇ ਨਾਲ ਅਸੀਂ ਸਿੱਖੀ ਕਾਇਮ ਰੱਖ ਸੱਕੀਏ। ਉਹ ਸੱਚੇ ਪਾਤਸ਼ਾਹ ਜੀ ਦਾ ਉਪਦੇਸ਼ ਮੈਂ ਫੇਰ ਦੁਹਰਾਉਂਦਾ ਹਾਂ- ਸੱਚੇ ਪਾਤਸ਼ਾਹ ਹੁਕਮ ਕਰਦੇ ਸਨ ਤੁਸੀਂ ਐਮ. ਐਲ. ਏ. ਬਣੋ, ਐਮ. ਪੀ. ਬਣੋ, ਇੰਜੀਨੀਅਰ ਬਣੋ, ਡਾਕਟਰ ਬਣੋ, ਜਿੰਦਗੀ 'ਚ ਜਿੰਨੇ ਵੀ ਸਫਲ ਹੋਵੋ ਪਰ ਸਿੱਖ ਜਰੂਰ ਬਣੋ। ਆਉਣ ਵਾਲੇ ਸਮੇਂ ਵਿਚ ਅਸੀਂ ਸਿੱਖੀ ਚ ਕਿਵੇਂ ਕਾਇਮ ਰਹਿ ਸਕਦੇ ਹਾਂ ਇਸ ਬਾਰੇ ਤੁਸੀਂ ਏਥੇ ਆ ਕੇ ਬੋਲਣਾ ਚਾਹੋਗੇ ਜਾਂ ਇੰਨਫੌਰਮਲੀ ਮੀਟਿੰਗ ਵਿਚ ਦੱਸਣਾ ਚਾਹੋਗੇ ਉਹ ਵੀ ਠੀਕ ਹੈ। ਅੱਗੋਂ ਵਾਸਤੇ ਕਿਸੇ ਦੇ ਮਨ ਵਿਚ ਕੋਈ ਵੀ ਆਈਡੀਆ ਹੋਵੇ ਕਿ ਆਪਾਂ ਸੰਗਤ ਵਿਚ ਕਿਸ ਤਰ੍ਹਾਂ ਕਰਨਾ ਹੈ। ਜਿਹਦੇ ਨਾਲ ਆਪਣਾ ਮਾਹੌਲ ਹੋਰ ਵੀ ਵਧੀਆ ਬਣਿਆ ਰਹੇ। ਇਹ ਹੀ ਤੁਹਾਡੇ ਨਾਲ ਦੋ ਤਿੰਨ ਅਰਜ਼ਾਂ ਕਰਨੀਆਂ ਸਨ।

ਸਤਿ ਸ੍ਰੀ ਅਕਾਲ॥

ਉਪਰੰਤ ਦਲਜੀਤ ਸਿੰਘ ਦੇ ਘਰ ਚਰਨ ਪਾਏ। ਦਲਜੀਤ ਸਿੰਘ, ਸੰਤ ਰਾਇ ਸਿੰਘ ਦਾ ਜਵਾਈ ਹੈ। ਰਾਇ ਸਿੰਘ ਜੀ ਅਤੇ ਉਨ੍ਹਾਂ ਦੇ ਘਰੋਂ ਬੀਬੀ ਵੀ ਏਥੇ ਆਏ ਹੋਏ ਹਨ। ਸ੍ਰੀ ਸਤਿਗੁਰੂ ਜੀ ਨੇ ਦਲਜੀਤ ਦੇ ਕਾਕੇ ਗੰਗਾ ਸਿੰਘ ਨੂੰ ਬੜੇ ਪ੍ਰੇਮ ਨਾਲ ਬਚਨ ਕੀਤਾ, 'ਬੇਟਾ ਹੁਣ ਅੱਗੇ ਤੋਂ ਦਾੜੀ ਨਹੀਂ ਕੱਟਣੀ।' ਗੰਗਾ ਸਿੰਘ ਨੇ ਹੱਥ ਜੋੜ ਸਤ ਬਚਨ ਕੀਤਾ। ਆਗਿਆਪਾਲ ਸਿੰਘ ਸਪੁੱਤਰ ਲਖਵੀਰ ਸਿੰਘ ਕੰਵਣਪੁਰ ਪੱਧਰੀ ਵਾਲੇ ਪ੍ਰਵਾਰ ਚੋਂ ਇਸ ਨੌਜੁਆਨ ਦੇ ਘਰੋਂ ਬੀਬੀ ਅੰਮ੍ਰਿਤ ਕੌਰ ਸਪੁੱਤਰੀ ਗੁਰਮੁਖ ਸਿੰਘ ਅਮਰਾਸਰ ਹੈ, ਸਤਿਗੁਰੂ ਜੀ ਇਸ ਘਰ ਕੁਝ ਜਲਪਾਣੀ ਛਕਿਆ, ਬਚਨ ਬਿਲਾਸ ਕੀਤੇ ਉਪਰੰਤ ਅਜੀਤ ਸਿੰਘ ਲਾਇਲ ਦੇ ਨਵੇਂ ਗ੍ਰਹਿ ਵਿਖੇ ਕਿਰਪਾ ਕੀਤੀ, ਖੁਸ਼ੀਆਂ ਬਖਸ਼ੀਆਂ ਲਾਇਲ ਜੀ ਨੇ ਬਹੁਤ ਸੁੰਦਰ ਗੁਰਮੁਖੀ ਅੱਖਰਾਂ ਵਿੱਚ ਲਿਖੀਆਂ ਦੋ ਕਾਵਿਕ ਸਤਰਾਂ ਭੇਟ ਕੀਤੀਆਂ।-

ਤੂੰ ਸੁੱਖ ਦਿੱਤੇ ਬਹੁਤ ਦਿੱਤੇ,
ਮਾਨਣ ਦੀ ਜਾਚ ਵੀ ਦੇਵੀਂ।
ਗਮਾਂ ਦੀ ਰਾਤ ਜੇ ਆਵੇ,
ਸੋਹਣੀ ਪ੍ਰਭਾਤ ਵੀ ਦੇਵੀਂ।

ਏਥੋਂ ਚੱਲ ਕੇ ਗ੍ਰੀਬ ਨਿਵਾਜ ਨੇ ਸ. ਬਲਬੀਰ ਸਿੰਘ ਡੁਬਈ ਵਾਲੇ ਦੀ ਗੈਰੇਜ਼ Diamond Auto Collission ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਡੇਰੇ ਆ ਕੇ ਲੰਗਰ ਛਕਿਆ। ਨਿਤਕ੍ਰਮ ਅਨੁਸਾਰ ਸ਼ਾਮ ਦੇ ਸਤਿਸੰਗ ਵਿਚ ਇਕ ਘੰਟਾ ਨਾਮ-ਸਿਮਰਨ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਅੱਜ ਕੀਰਤਨ ਵਿਚ ਪੰਜਾਬੀ ਸਾਹਿਤ ਅਤੇ ਗੁਰਮਤਿ ਸੰਗੀਤ ਦੀ ਉੱਘੀ ਸ਼ਖਸ਼ੀਅਤ ਸ. ਪ੍ਰੀਤਮ ਸਿੰਘ ਪਾਂਧੀ ਨੂੰ ਕੁਝ ਸੰਬੋਧਨ ਕਰਨ ਵਾਸਤੇ ਮੰਚ ਤੇ ਅਮੰਤ੍ਰਿਤ ਕੀਤਾ। ਪਾਂਧੀ ਜੀ ਦੇ ਵਿਦਵਤਾ ਭਰਪੂਰ ਵਖਿਆਨ ਦਾ ਸੰਖੇਪ ਸਾਰ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੈ: ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਸ੍ਰਵਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਇਲਾਹੀ ਦਰਬਾਰ ਨੂੰ ਵੇਖ ਕੇ ਰਾਜੇ ਜਨਕ ਜੀ ਦੀ ਗੱਲ ਯਾਦ ਆਉਂਦੀ ਹੈ- ਕਹਿੰਦੇ ਨੇ ਰਾਜਾ ਜਨਕ ਬੜਾ ਧਰਮੀ ਤੇ ਪ੍ਰਤਾਪੀ ਰਾਜਾ ਸੀ। ਉਸਦੀ ਸਭਾ ਵੀ ਏਸੇ ਤਰ੍ਹਾਂ ਹੀ ਹੁੰਦੀ ਸੀ ਜਿਵੇਂ ਰਾਜਾ ਜਨਕ ਬੈਠਾ ਹੈ ਸਿੰਘਾਸਨ ਤੇ ਚੌਰ ਛਤਰ ਝੁਲਦੇ ਸਨ, ਸਤਿਗੁਰੂ ਜੀ ਵਾਂਗ ਅਤੇ ਭਾਈ ਬਲਵੰਤ ਸਿੰਘ ਜੀ ਵਾਂਗ ਗੰਧਰਭ ਕੀਰਤਨ ਕਰਦੇ ਸਨ ਅਤੇ ਤੁਹਾਡੇ ਵਰਗੀਆਂ ਰੱਬੀ ਰੂਹਾਂ, ਰਤਨ ਦਰਬਾਰ ਵਿਚ ਸੋਭਾ ਪਾ ਰਹੇ ਹੁੰਦੇ ਸਨ। ਇਸ ਤਰ੍ਹਾਂ ਦੇ ਦਰਬਾਰ ਦੇ ਦਰਸ਼ਨ ਕਰਕੇ ਹਰ ਵਿਅਕਤੀ ਧੰਨ-ਧੰਨ ਹੋ ਜਾਂਦਾ ਹੈ। ਜਦੋਂ ਵੀ ਏਥੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ, ਇਵੇਂ ਜਾਪਦਾ ਹੈ ਕਿ ਜਿਵੇਂ ਅਸੀਂ ਕੋਈ ਤੀਰਥ ਇਸ਼ਨਾਨ ਕਰ ਰਹੇ ਹੁੰਦੇ ਹਾਂ। ਏਥੇ ਅਸੀਂ ਨਮਸਕਾਰ ਕਰਨ, ਤੀਰਥ ਯਾਤਰਾ ਕਰਨ ਅਤੇ ਆਪਣਾ ਜਨਮ ਸਫਲ ਕਰਨ ਆਉਂਦੇ ਹਾਂ। ਅੱਜ ਸਾਰਾ ਸਿੱਖ ਜਗਤ ਧੰਨ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਵਰ੍ਹਾ ਮਨਾ ਰਿਹਾ ਹੈ। ਦੁਨੀਆਂ ਵਿਚ ਜਿੰਨ੍ਹੇ ਵੀ ਮਹਾਂ ਪੁਰਸ਼ ਹੋਏ ਹਨ, ਆਪਣੇ ਥਾਂ ਪੂਜਨੀਕ ਹਸਤੀਆਂ ਹੋਈਆਂ ਹਨ ਪਰ ਗੁਰੂ ਨਾਨਕ ਦੇਵ ਜੀ ਦੀ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਜੋ ਵੀ ਸਿਧਾਂਤ ਦੱਸੇ, ਫਿਲੌਸਫੀ ਪੇਸ਼ ਕੀਤੀ, ਉਹ ਸਾਰੀ ਕਵਿਤਾ ਅਤੇ ਸੰਗੀਤ ਵਿਚ ਪੇਸ਼ ਕੀਤੀ।

ਭਾਈ ਗੁਰਦਾਸ ਜੀ ਲਿਖਦੇ ਹਨ-

'ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ'॥ ਉਸ ਨਿਰਮਲ ਪੰਥ ਨੂੰ ਅਸੀਂ ਵੇਖਦੇ ਹਾਂ ਐਸੇ ਸੋਹਣੇ ਸਰੂਪ ਵਿਚ, ਚਿੱਟੇ ਬਸਤ੍ਰਾਂ ਵਿਚ ਮਨ ਦੀ ਸਚਾਈ ਨੂੰ ਵੇਖਦੇ ਹਾਂ। ਗੁਰੂ ਸਾਹਿਬ ਦੀਆਂ ਅਨੇਕਾਂ ਸਾਖੀਆਂ ਆਪਾਂ ਸਭ ਨੇ ਸੁਣੀਆਂ ਹਨ। ਗੁਰੂ ਸਾਹਿਬ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ। ਰਾਇ ਭੋਇ ਰਾਜਪੂਤ ਮੁਸਲਮਾਨ ਸੀ। ਰਾਇ ਭੋਇ ਦੇ ਨਾਂ ਤੇ ਰਾਇ ਭੋਇ ਦੀ ਤਲਵੰਡੀ ਪ੍ਰਸਿੱਧ ਹੋਈ। ਉਸਦੀ ਪੀੜੀ ਵਿਚ ਹੋਇਆ ਰਾਇ ਬੁਲਾਰ, ਉਹ ਵੀ ਮੁਸਲਮਾਨ। ਮੁਸਲਮਾਨ ਰਾਜੇ ਵੀ ਗੁਰੂ ਸਾਹਿਬ ਦੇ ਮੁਰੀਦ ਬਣੇ। ਰਾਇ ਬੁਲਾਰ ਦੀ ਜਾਇਦਾਦ ਪੰਦਰਾਂ ਸੌ ਮੁਰੱਬੇ ਸੀ। ਉਸਨੇ ਆਪਣੀ ਅੱਧੀ ਜਾਇਦਾਦ ਸੱਤ ਸੌ ਪੰਜਾਹ ਮੁਰੱਬੇ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿੱਤੀ। ਏਨੇ ਮੁਰੱਬਿਆਂ ਦੇ ਬਣਦੇ ਹਨ 18750 ਏਕੜ। ਉਹ ਮੁਰੱਬੇ ਅੱਜ ਵੀ ਧੰਨ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਬੋਲਦੇ ਹਨ। ਪਹਿਲਾਂ ਉਥੇ ਮਹੰਤਾਂ ਦਾ, ਫੇਰ ਕਮੇਟੀ ਦਾ ਅਤੇ ਹੁਣ ਵਕਫ ਬੋਰਡ ਦਾ ਕਬਜਾ ਹੈ ਪਰ ਉਹ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਬੋਲਦੀ ਹੈ। ਦੂਸਰੀ ਗੱਲ ਕਿ ਸਦੀਆਂ ਤੋਂ ਜੋ ਰਾਇ ਭੋਇ ਦੀ ਤਲਵੰਡੀ ਕਰਕੇ ਪ੍ਰਸਿੱਧ ਸੀ, ਉਸਦਾ ਨਾਮ ਉਸਨੇ ਨਾਨਕਿਆਣਾ ਕਰ ਦਿੱਤਾ। 'ਕਿਆਣਾ, ਹੁੰਦਾ ਹੈ ਘਰ ਭਾਵ ਨਾਨਕ ਦਾ ਘਰ। ਨਾਨਕਿਆਣਾ ਤੋਂ ਬਦਲਦਾ-ਬਦਲਦਾ ਨਨਕਾਣਾ ਪ੍ਰਚਲਤ ਹੋ ਗਿਆ। ਜਿਵੇਂ ਕਿਸੇ ਵੇਲੇ ਪਟਿਆਲੇ ਦਾ ਨਾਮ ਪੱਟੀ ਆਲਾ ਸੀ। ਪੱਟੀ ਭਾਵ ਜਮੀਨ ਕਿ ਆਲਾ ਦੀ ਜਮੀਨ। ਇਸੇ ਤਰ੍ਹਾਂ ਹੀ ਨਨਕਾਣਾ ਪ੍ਰਸਿੱਧ ਹੋ ਗਿਆ। ਮੈਂ ਬੜੀ ਸਰਧਾ ਨਾਲ, ਆਸਥਾ ਨਾਲ ਏਥੇ ਪਹੁੰਚਦਾ ਹਾਂ। ਸਤਿਗੁਰੂ ਜੀ ਦੀ ਬਾਣੀ ਹੈ- 'ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ।' ਬਲਵੰਤ ਸਿੰਘ ਜੀ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ ਹੈ। 'ਘੋਲਿ ਘੁਮਾਈ ਮਿਤ੍ਰ, ਮਿਤ੍ਰ ਸਾਡੇ ਕਿਹੜੇ ਹਨ- ਸਾਰੇ ਗੁਰਸਿੱਖ ਪਰ ਵਿਸ਼ੇਸ਼ ਤੌਰ ਤੇ ਬਹੁਤ ਪਿਆਰੀ ਸ਼ਖਸ਼ੀਅਤ ਅਜੀਤ ਸਿੰਘ ਜੀ ਲਾਇਲ, ਸੂਬਾ ਰੇਸ਼ਮ ਸਿੰਘ ਜੀ, ਸਾਡੀ ਧੀ ਬੀਬੀ ਰਾਣੀ ਗੁਣੀ ਰਾਗੀ ਭਾਈ ਅਮਰੀਕ ਸਿੰਘ ਜੀ, ਏਥੇ 'ਇਕ ਦੂ ਇਕ ਚੜੰਦੀਆ' ਹਨ। ਮੈਂ ਬਹੁਤ ਸ਼ਰਧਾ ਸਤਿਕਾਰ ਅਤੇ ਡੂੰਗੇ ਜ਼ਜਬੇ ਨਾਲ ਆਪ ਸਭ ਨੂੰ ਹਾਰਦਿਕ ਨਮਸਕਾਰ ਕਰਦਾ ਹਾਂ ਅਤੇ ਫਤਹਿ ਅਰਜ਼ ਕਰਦਾ ਹਾਂ-

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

15 ਜੁਲਾਈ- ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਨਾਲ ਏਥੋਂ ਦੇ ਰਾਗੀ ਸਿੰਘਾਂ ਨੇ ਕੀਤਾ। ਧਰੁਪਦ ਅੰਗ ਦੇ ਸ਼ਬਦ ਗਾਇਨ ਕਰਨ ਸਮੇਂ ਨਿਊਯਾਰਕ ਤੋਂ ਆਏ ਸੁਖਦੇਵ ਸਿੰਘ ਜੀ ਨੇ ਵੀ ਪਖਾਵਜ ਨਾਲ ਸਾਥ ਦਿੱਤਾ। ਬਘੇਲ ਸਿੰਘ ਨੇ ਵੀ ਤਬਲੇ ਤੇ ਸੰਗਤ ਕੀਤੀ। ਅਰਦਾਸ ਨੌਜੁਆਨ ਸੰਤਾ ਸਿੰਘ ਨੇ ਕੀਤੀ। ਉਪਰੰਤ ਅਜੀਤ ਸਿੰਘ ਨੇ ਮੰਚ ਸੰਭਾਲਦਿਆਂ ਬੱਚਿਆਂ ਦਾ ਪ੍ਰੋਗਰਾਮ ਸ਼ਬਦ ਗਾਇਨ ਪੇਸ਼ ਕਰਵਾਇਆ ਏਥੇ ਬਹੁਤ ਬੱਚੇ ਹਰਪਾਲ ਸਿੰਘ ਜੀ ਭੱਲੀ ਤੋਂ ਸਿੱਖਦੇ ਹਨ।

ਕੁਝ ਬੱਚੇ ਬੱਚੀਆਂ ਨੇ ਸਤਿਗੁਰੂ ਜੀ ਦੇ ਸਨਮੁਖ ਸ਼ਬਦ ਗਾਇਨ ਕੀਤੇ। ਵੈਨਕੂਵਰ ਤੋਂ ਆਏ ਪਿਆਰਾ ਸਿੰਘ ਸਪੁੱਤਰ ਪਵਨਜੀਤ ਸਿੰਘ ਨੇ ਤਬਲੇ ਤੇ ਸੰਗਤ ਕੀਤੀ। ਕਾਕਾ ਤਰਸੇਮ ਸਿੰਘ ਸਪੁਤ੍ਰ ਤ੍ਰਿਲੋਚਨ ਸਿੰਘ ਨੇ- 'ਮਨਿ ਤਨਿ ਜਪੀਐ ਭਗਵਾਨ'। ਕਾਕਾ ਨੰਤਾ ਸਿੰਘ ਨੇ 'ਸਤਿਗੁਰੁ ਮੇਰਾ ਸਦਾ ਸਹਾਈ'। ਅਮਿਤੋਜ ਕੌਰ ਨੇ 'ਅਤਿ ਪ੍ਰੀਤਮ ਮਨ ਮੋਹਨਾ...'। ਫਤਹਿ ਸਿੰਘ ਨੇ 'ਸੰਤ ਜਨਾ ਮਿਲਿ ਹਰਿ ਜਸੁ ਗਾਇਓ'। ਇਕ ਛੋਟੀ ਬੱਚੀ ਮੇਹਰ ਕੌਰ ਨੇ 'ਹਰਿ ਕਿਰਪਾ ਤੇ ਸੰਤ ਭੇਟਿਆ'। ਅਤੇ ਦੋ ਬੱਚੀਆਂ: ਕਰਤਾਰ ਕੌਰ ਅਤੇ ਯੱਸ਼ ਕੌਰ ਨੇ 'ਮੂ ਲਾਲਨ ਸਿਉ ਪ੍ਰੀਤ ਬਨੀ'। ਸ਼ਬਦ ਗਾਇਨ ਕੀਤੇ। ਸੁਵਿਕਰਮ ਸਿੰਘ ਪਰਿੰਸ ਨੇ ਸੰਗਤ ਨੂੰ ਖਾਣ ਵਾਲੀਆਂ ਚੀਜ਼ਾਂ ਦੇ ਇਨਗਰੀਡੀਐਂਟਸ ਵਿਚ ਲਿਖੇ ਜਾਂਦੇ ਕੁਝ E- Codes ਬਾਰੇ ਦੱਸਿਆ ਕਿ ਇਹਨਾਂ ਵਿਚ ਮਾਸਾਹਾਰ ਦੇ ਅੰਸ਼ ਹੁੰਦੇ ਹਨ। ਕੋਈ ਵੀ ਬਾਜ਼ਾਰ ਦੀ ਪੈਕਡ ਵਸਤੂ ਖਾਣ ਵਾਲੀ ਚੀਜ਼ ਚੰਗੀ ਤਰ੍ਹਾਂ ਚੈੱਕ ਕਰਕੇ ਖਾਣੀ ਚਾਹੀਦੀ ਹੈ, ਨਹੀਂ ਤੇ ਗਲਤੀ ਨਾਲ ਵੀ ਨੌਨ-ਵੈਜ਼ ਖਾ ਕੇ ਸਾਡਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਨੇ ਉਚੇਚਾ ਬਚਨ ਕੀਤਾ ਕਿ ਮੈਕਡੋਨਲਜ਼ ਦੀ ਫਰੈਂਚਫਰਾਈਜ਼ ਵਿਚ ਬੀਫ (ਗਊਮਾਸ) ਦੇ ਅੰਸ਼ ਹੁੰਦੇ ਹਨ। ਜੈਲੇਟੀਨ ਵੀ ਨੌਨਵੈਜ਼ ਹੈ, ਚੰਗੀ ਤਰ੍ਹਾਂ ਤਸੱਲੀ ਨਾਲ ਚੈੱਕ ਕਰਕੇ, ਜਿਸ ਵਿਚ ਕੋਈ ਅਜੇਹੀ ਇਤਰਾਜ਼ਯੋਗ ਵਸਤੂ ਨਾ ਹੋਵੇ ਉਹ ਹੀ ਖ੍ਰੀਦਿਆ ਕਰੋ।

ਉਪਰੰਤ ਸ੍ਰੀ ਭੈਣੀ ਸਾਹਿਬ ਵਾਲੇ ਸੰਤ ਅਮਰ ਸਿੰਘ ਜੀ (ਹਲਵਾਈ) ਨੇ ਬੜੀ ਭਾਵੁਕਤਾ ਨਾਲ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਬਖਸ਼ਿਸ਼ਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਇਨ੍ਹਾਂ ਬਾਬਾਣੀਆਂ-ਕਹਾਣੀਆਂ ਦਾ ਸੰਖੇਪ ਸਾਰ ਹੈ: 'ਸਤਿਗੁਰੂ ਰਾਮ ਸਿੰਘ ਜੀ ਵੇਲੇ ਸਾਡੇ ਵਡੇਰੇ ਬਾਬਾ ਲਹਿਣਾ ਸਿੰਘ ਜੀ ਸਨ ਜੋ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕਰਕੇ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਲੈ ਕੇ ਆਏ ਸਨ। ਮੰਦਰਾਂ ਵਾਲੀ ਅਤੇ ਅਕਾਲ ਬੁੰਗੇ ਵਾਲੀ ਜਗ੍ਹਾ ਭੇਟ ਕੀਤੀ ਸੀ- ਬਾਬਾ ਜੀ ਦੇ ਚਾਰ ਪੁੱਤਰਾਂ ਚੋਂ ਬਾਬਾ ਕਿਸ਼ਨ ਸਿੰਘ ਸਾਡੇ ਵਡੇਰੇ ਸਨ। ਇਕ ਵੇਰ ਸਤਿਗੁਰੂ ਹਰੀ ਸਿੰਘ ਜੀ ਕਿਰਪਾ ਕੀਤੀ, ਆ ਕੇ ਬਚਨ

ਕੀਤਾ ਬਾਬਾ ਕੋਈ ਦੁੱਖ ਤਕਲੀਫ ਤੇ ਨਹੀਂ। ਬਾਬੇ ਕਿਸ਼ਨ ਸਿੰਘ ਨੇ ਅਰਜ਼ ਕੀਤੀ- "ਸੱਚੇ ਪਾਤਸ਼ਾਹ ਬਾਕੀ ਤੇ ਸਭ ਸੁੱਖ ਹੈ, ਨਵੇਂ ਦਾਣੇ ਆਉਣ ਤੋਂ ਪਹਿਲਾਂ ਦਾਣੇ ਮੁੱਕ ਜਾਂਦੇ ਹਨ" ਸੱਚੇ ਪਾਤਸ਼ਾਹ ਦੇ ਹੱਥ ਵਿਚ ਇਕ ਸੋਟੀ ਸੀ ਭੜੋਲੀ ਨੂੰ ਲਾ ਕੇ ਬਚਨ ਕੀਤਾ ਉਤੋਂ ਦਾਣੇ ਪਾ ਕੇ ਢੱਕ ਦਿਆ ਕਰੋ, ਹੇਠੋਂ ਕੱਢੀ ਜਾਇਆ ਕਰੋ। ਸੱਚੇ ਪਾਤਸ਼ਾਹ ਕਿਰਪਾ ਕਰਨਗੇ ਤੋਟ ਨਹੀਂ ਆਏਗੀ। ਉਹ ਭੜੋਲੀ ਅਸੀਂ ਵੀ ਛੋਟੇ ਹੁੰਦੇ ਵੇਖਦੇ ਰਹੇ ਹਾਂ। ਫੇਰ ਕਦੇ ਦਾਣੇ ਨਹੀਂ ਮੁੱਕੇ। ਮੇਰੇ ਪਿਤਾ ਸੰਤ ਗੁਰਬਖਸ਼ ਸਿੰਘ ਜੀ ਪਹਿਲੀ ਅਵਸਥਾ 'ਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵੀ ਕਰਦੇ ਰਹੇ। ਘੋੜਿਆਂ ਦੀ ਸੇਵਾ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਇਕ ਐਸਾ ਸਮਾਂ ਬਣਿਆ ਮੇਰਾ ਕੰਮ ਬਿਲਕੁਲ ਬੰਦ, ਮਾਇਆ ਦੀ ਬਹੁਤ ਤੰਗੀ ਆ ਗਈ। ਮੇਰੇ ਪਿਤਾ ਜੀ ਨੇ ਕਿਹਾ ਕਿ ਤੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਕੇ ਪੰਜ ਸੌ ਰੁਪਏ ਮੰਗ ਕੇ ਲਿਆ ਤੇ ਫੇਰ ਕੋਈ ਵੀ ਕੰਮ ਕਰ। ਮੈਂ ਗਿਆ, ਸੰਤ ਤਰਸੇਮ ਸਿੰਘ ਜੀ ਸਤਿਗੁਰੂ ਜੀ ਦੇ ਪਾਸ ਸਨ, ਮੈਂ ਸੱਚੇ ਪਾਤਸ਼ਾਹ ਨੂੰ ਚਰਨਾਂ ਤੇ ਨਮਸਕਾਰ ਕੀਤੀ, ਅਜੇ ਕੋਈ ਅਰਜ਼ ਕਰਨੀ ਹੀ ਸੀ ਕਿ ਗਰੀਬ ਨਿਵਾਜ ਬਚਨ ਕੀਤਾ- ਮੈਨੂੰ ਪੰਜ ਸੌ ਰੁਪਏ ਚਾਹੀਦੇ ਹਨ। ਮੈਂ ਅਰਜ਼ ਕੀਤੀ ਕਿ ਮੈਂ ਤਾਂ ਆਪ ਜੀ ਤੋਂ ਮੰਗਣ ਆਇਆ ਹਾਂ। ਸੱਚੇ ਪਾਤਸ਼ਾਹ ਬਚਨ ਕੀਤਾ ਪੈਸੇ ਤਾਂ ਹੈ ਨਹੀਂ। ਮੇਰੇ ਕੋਲ ਤਾਂ ਖੁਸ਼ੀਆਂ ਹੀ ਹਨ। ਤੈਨੂੰ ਖੁਸ਼ੀਆਂ ਗੁਰੂ ਘਰ ਦੀਆਂ। ਮੈਂ ਵਾਪਸ ਆ ਗਿਆ, ਬੜਾ ਉਦਾਸ। ਆਪਣੇ ਪਿਤਾ ਜੀ ਨੂੰ ਦੱਸਿਆ। ਉਹਨਾਂ ਕਿਹਾ, ਫੇਰ ਉਦਾਸ ਕਿਉਂ ਹੈ, ਤੈਨੂੰ ਖੁਸ਼ੀਆਂ ਮਿਲ ਗਈਆਂ ਤਾਂ ਸਮਝ ਸਭ ਕੁਝ ਮਿਲ ਗਿਆ। ਪਰ ਮੇਰਾ ਮਨ ਨਾ ਟਿਕੇ। ਰਾਤ ਪਰੇਸ਼ਾਨੀ 'ਚ ਬੀਤੀ। ਸਾਧ ਸੰਗਤ ਜੀ, ਸੱਚੇ ਪਾਤਸ਼ਾਹ ਦੇ ਕੌਤਕ ਵੀ ਨਿਆਰੇ ਹੁੰਦੇ ਹਨ। ਗਰੀਬ ਨਿਵਾਜ ਨੇ ਅਗਲੇ ਦਿਨ ਫਲਾਂ ਦਾ ਟੋਕਰਾ ਦੇ ਕੇ ਇਕ ਸਿੰਘ ਭੇਜਿਆ। ਉਸ ਕਿਹਾ ਸੱਚੇ ਪਾਤਸ਼ਾਹ ਬਚਨ ਕੀਤਾ ਹੈ। ਅਮਰ ਸਿੰਘ ਨੂੰ ਆਖ ਕੇ ਆ ਕਿ ਬਰਫੀ ਬਣਾਉਣੀ ਸ਼ੁਰੂ ਕਰੇ। ਮੈਂ ਕਿਹਾ ਬਰਫੀ ਕਿਥੋਂ ਬਣਾਵਾਂ ਮੇਰੇ ਕੋਲ ਕੋਈ ਪੈਸੇ ਤਾਂ ਹੈ ਨਹੀਂ। ਉਸ ਸਿੰਘ ਨੇ ਕਿਹਾ ਮੈਂ ਤੈਨੂੰ ਹੁਕਮ ਸੁਣਾ ਦਿਤਾ ਹੈ। ਹੁਣ ਤੂੰ ਜਾਣ ਤੇ ਸੱਚੇ ਪਾਤਸ਼ਾਹ ਜਾਨਣ। ਉਹ ਸਿੰਘ ਚਲਾ ਗਿਆ, ਮੈਂ ਫਲਾਂ ਦਾ ਟੋਕਰਾ ਖੋਲਿਆ ਤਾਂ ਉਸ ਵਿਚ 5000/- ਰੁਪਏ। ਉਸ ਸਮੇਂ ਦੇ ਪੰਜ ਹਜ਼ਾਰ ਅੱਜ ਦੇ ਦੋ ਲੱਖ ਦੇ ਬਰਾਬਰ ਹੋਣਗੇ। ਮੈਂ ਮਨ ਹੀ ਮਨ ਸਤਿਗੁਰੂ ਸੱਚੇ ਪਾਤਸ਼ਾਹ ਦੇ ਗੁਣ ਗਾਉਂਦਿਆਂ ਬਰਫੀ ਬਣਾਉਣ ਦਾ ਕੰਮ ਸ਼ੁਰੂ ਕੀਤਾ, ਅੱਜ ਹੋਰ, ਕੱਲ ਹੋਰ, ਕਿਰਪਾ ਹੋ ਗਈ। ਫੇਰ ਕੋਈ ਘਾਟਾ ਨਹੀਂ ਰਿਹਾ। ਫੇਰ ਸੱਚੇ ਪਾਤਸ਼ਾਹ ਦੀ ਕਿਰਪਾ ਹੋ ਗਈ, ਬਿਧ ਬਣੀ, ਕੈਨੇਡਾ ਆ ਗਏ। ਮੇਰੀ ਅਰਜ਼ ਹੈ ਸੱਚੇ ਪਾਤਸ਼ਾਹ ਕਿਰਪਾ ਕਰੋ, ਅਸੀਂ ਸਤਿਗੁਰੂ ਰਾਮ ਸਿੰਘ ਜੀ ਵੇਲੇ ਤੋਂ ਗੁਰੂ ਘਰ ਨਾਲ ਜੁੜੇ ਰਹੇ ਹਾਂ, ਸਿੱਖੀ ਸਿਦਕ ਬਖਸ਼ੋ। ਸੰਤ ਅਮਰ ਸਿੰਘ ਜੀ ਤੋਂ ਬਾਅਦ ਬੱਚੀ ਗਣੇਸ਼ ਕੌਰ ਸਪੁੱਤਰੀ ਗੁਰਮੁਖ ਸਿੰਘ ਨੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਸਪੀਚ ਦਿੱਤੀ। ਨੌਜੁਆਨ ਜੋੜੀ ਸੰਤਾ ਸਿੰਘ ਅਤੇ ਬਸੰਤ ਸਿੰਘ ਨੇ ਗੁਰੂ ਨਾਨਕ ਦੇਵ ਜੀ, ਭਾਈ ਲਾਲੋ ਅਤੇ ਮਲਕ ਭਾਗੋ ਦਾ ਕਵੀਸ਼ਰੀ ਪ੍ਰਸੰਗ ਗਾ ਕੇ ਪੇਸ਼ ਕੀਤਾ। ਸੰਤ ਮਨੋਹਰ ਸਿੰਘ ਜੀ ਦੀ ਅੰਸ ਚੋਂ 8-9 ਸਾਲ ਦੇ ਕਾਕੇ ਗੁਰਬਖਸ਼ ਸਿੰਘ ਨੇ ਬਹੁਤ ਵਧੀਆ ਹੱਲੇ ਦਾ ਦੀਵਾਨ ਲਗਾਇਆ, ਟੇਕ ਸੀ: 'ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ'। ਆਸਾ ਦੀ ਵਾਰ ਅਤੇ ਬੱਚਿਆਂ ਦੇ ਪ੍ਰੋਗਰਾਮ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਿਖਾਂ ਸੇਵਕਾਂ ਦੇ ਕੁਝ ਘਰਾਂ ਚ ਚਰਨ ਪਾ ਕੇ ਸੂਬਾ ਗੁਰਦਿਆਲ ਸਿੰਘ ਜੀ ਦੇ ਘਰ ਕਿਰਪਾ ਕੀਤੀ। ਅੱਜ ਦਾ ਲੰਗਰ ਅਤੇ ਡੇਰਾ ਵੀ ਸੂਬਾ ਜੀ ਦੇ ਘਰ ਹੀ ਸੀ। - ਸ਼ਾਮ ਦੇ ਨਾਮ ਸਿਮਰਨ ਅਤੇ ਕੀਰਤਨ ਉਪਰੰਤ ਭੱਲੀ ਜੀ ਦੇ ਸ਼ਾਗਿਰਦ ਇਕ ਬੱਚੇ ਨੇ ਤਬਲਾ ਵਾਦਨ ਕੀਤਾ। ਉਪਰੰਤ ਅੱਜ ਦੇ ਸਮਾਗਮ ਵਿਚ ਆਏ ਵਿਸ਼ੇਸ਼ ਅਤਿਥੀ ਸ. ਪ੍ਰਦੁਮਨ ਸਿੰਘ ਜੀ ਅਤੇ ਸ. ਦਵਿੰਦਰ ਸਿੰਘ ਜੀ ਧਨੋਆ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਉ ਬਖਸ਼ੇ। ਸਮਾਜਸੇਵੀ ਪ੍ਰੋ. ਕੁਲਵਿੰਦਰ ਸਿੰਘ ਜੀ ਨੂੰ ਜੀਉ ਆਇਆਂ ਕਿਹਾ ਅਤੇ ਸਨਮਾਨਤ ਕੀਤਾ।

16 ਜੁਲਾਈ: ਮੰਗਲਵਾਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਵੰਤ ਸਿੰਘ ਜੀ, ਸੰਤ ਹਰਪ੍ਰੀਤ ਸਿੰਘ ਸੋਨੂੰ ਅਤੇ ਸਾਥੀਆਂ ਨੇ ਕੀਤਾ। ਉਪਰੰਤ ਸੂਬਾ ਗੁਰਦਿਆਲ ਸਿੰਘ ਜੀ ਦੇ ਘਰ ਲੰਗਰ ਛਕਿਆ ਅਤੇ ਸ੍ਰੀ ਸਤਿਗੁਰੂ ਜੀ ਏਥੋਂ ਦੀਆਂ ਸੰਗਤਾਂ ਸਹਿਤ ਬਫਲੋ (ਅਮਰੀਕਾ) ਵਾਸਤੇ ਰਵਾਨਾ ਹੋਏ। ਏਥੇ ਗੁਰਮੁਖ ਸਿੰਘ ਸਿਆਨ ਦੇ ਲੜਕੇ ਦਾ ਅਨੰਦ ਕਾਰਜ ਦਾ ਪ੍ਰੋਗਰਾਮ ਸੀ। ਹੋਰ ਪ੍ਰਬੰਧ ਅਤੇ ਹਵਨ ਕਰਨ ਵਾਸਤੇ ਕੁਝ ਸਿੰਘ ਪਹਿਲੋਂ ਏਥੇ ਪੁੱਜ ਚੁੱਕੇ ਸਨ। ਨਿਊਯਾਰਕ ਤੋਂ ਵੀ ਪੰਜ-ਛੇ ਗੱਡੀਆਂ ਤੇ ਸੰਗਤ ਰਾਤ ਹੀ ਆ ਚੁੱਕੀ ਸੀ। ਨਿਆਗਰਾ ਫਾਲ ਦੇ ਨਾਲ ਹੀ ਅਮਰੀਕਾ ਵਾਲੇ ਪਾਸੇ Oppenheim Park (Niagra Country Park) ਵਿਖੇ ਸੁੰਦਰ ਪੰਡਾਲ ਵਿਚ ਹਵਨ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਆਸਣ ਤੇ ਸੁਭਾਇਮਾਨ ਹੋਏ। ਪੂਰਨ ਗੁਰ ਮਰਿਯਾਦਾ ਅਨੁਸਾਰ ਕਾਕਾ ਗਿਆਨ ਸਿੰਘ ਸਪੁੱਤਰ ਗੁਰਮੁਖ ਸਿੰਘ ਅਤੇ ਬੀਬੀ ਲਕਸ਼ਮਣ ਕੌਰ ਸਪੁੱਤਰੀ ਲਖਵੀਰ ਸਿੰਘ ਗੋਰਾਇਆ ਦਾ ਅਨੰਦ ਕਾਰਜ ਸੰਪੰਨ ਹੋਇਆ। ਅਨੰਦ ਕਾਰਜ ਵਾਲਿਆਂ ਵਲੋਂ ਸ੍ਰੀ ਆਦਿ

ਗੁਰਬਾਣੀ ਦੇ ਦੋ ਪਾਠਾਂ ਦੇ ਭੋਗ ਪਾਏ ਗਏ। ਗੁਰਮੁਖ ਸਿੰਘ (ਸਪੁੱਤਰ ਸਵਰਗੀ ਸੰਤ ਕੁਲਦੀਪ ਸਿੰਘ ਜੀ ਗੜ ਪਧਾਣਾ) ਪ੍ਰਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਅਤੇ ਆਈਆਂ ਸਮੂਹ ਸੰਗਤਾਂ ਦਾ ਕੋਟਾਨ ਕੋਟ ਧੰਨਵਾਦ ਕੀਤਾ। ਸ੍ਰੀ ਸਤਿਗੁਰੂ ਜੀ ਸੰਗਤਾਂ ਸਹਿਤ ਨਿਆਗਰਾ ਫਾਲ (ਅਮਰੀਕਾ) ਵਾਲੇ ਪਾਸੇ ਸੈਰ ਕਰਨ ਦੀ ਕਿਰਪਾ ਕੀਤੀ। ਨਿਊਯਾਰਕ ਤੋਂ ਆਈਆਂ ਸੰਗਤਾਂ ਨੂੰ ਖੁਸ਼ੀਆਂ ਬਖਸ਼ ਸ੍ਰੀ ਸਤਿਗੁਰੂ ਜੀ ਨਿਆਗਰਾ ਫਾਲ ਦੇ ਕੈਨੇਡਾ ਵਾਲੇ ਪਾਸੇ ਬਟਰ ਫਲਾਈ ਪਾਰਕ ਅਤੇ ਬੁਟੈਨੀਕਲ ਪਾਰਕ ਵਿਖੇ ਟੋਰਾਂਟੋ ਦੇ ਬੱਚੇ-ਬੱਚੀਆਂ ਅਤੇ ਨੌਜੁਆਨਾਂ ਨਾਲ ਪਾਰਕ ਦੀ ਸੈਰ ਕਰਨ ਉਪਰੰਤ ਕਰੀਬ ਡੇਢ ਘੰਟਾ ਮੀਟਿੰਗ ਕੀਤੀ, ਬਚਨ ਬਿਲਾਸ ਕੀਤੇ। ਸਟੱਡੀ ਬੇਸ ਤੇ ਆਏ ਨੌਜੁਆਨ ਲੜਕੇ ਲੜਕੀਆਂ ਨੇ ਇਸ ਦੇਸ਼ ਵਿਚ ਆਉਂਦੀਆਂ ਮੁਸ਼ਕਿਲਾ ਦੱਸੀਆਂ। ਸ੍ਰੀ ਸਤਿਗੁਰੂ ਜੀ ਨਾਲ ਨੌਜੁਆਨਾਂ ਨੇ ਬਹੁਤ ਖੁੱਲ ਕੇ ਅਰਜ਼ਾਂ ਕੀਤੀਆਂ। ਵਿਚਾਰ ਵਟਾਂਦਰੇ ਹੋਏ ਅਤੇ ਸ੍ਰੀ ਸਤਿਗੁਰੂ ਜੀ ਨੇ ਨਾਮ-ਬਾਣੀ ਦਾ ਨਿਤਨੇਮ ਕਰਨ ਅਤੇ ਸਿੱਖੀ ਸਰੂਪ ਕਾਇਮ ਰਹਿਣ ਲਈ ਪ੍ਰੇਰਿਆ। ਏਥੋਂ ਸ੍ਰੀ ਸਤਿਗੁਰੂ ਜੀ ਸਿੱਧੇ ਨਾਮ ਸਿਮਰਨ ਵਿਚ ਹੀ ਦਰਸ਼ਨ ਦਿੱਤੇ। ਅੱਜ ਹਜ਼ੂਰੀ ਰਾਗੀ ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ ਜੀ ਵਾਪਸ ਜਾ ਚੁੱਕੇ ਸਨ ਇਸ ਲਈ ਸ਼ਾਮ ਦਾ ਕੀਰਤਨ ਭੈਣੀ ਸਾਹਿਬੋਂ ਆਏ ਰਤਨ ਸਿੰਘ, ਬਘੇਲ ਸਿੰਘ ਅਤੇ ਫਗਵਾੜੇ ਦੇ ਸਵਰਣ ਸਿੰਘ ਅਤੇ ਏਥੋਂ ਦੇ ਨੌਜੁਆਨਾਂ ਨੇ ਮਿਲ ਕੇ ਕੀਤਾ। ਸ਼ਾਮ ਦੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਸੂਬਾ ਰੇਸ਼ਮ ਸਿੰਘ ਜੀ ਦੇ ਘਰ ਕਿਰਪਾ ਕੀਤੀ।

17 ਜੁਲਾਈ ਬੁੱਧਵਾਰ: ਅੱਜ ਸ੍ਰੀ ਸਤਿਗੁਰੂ ਜੀ ਦੇ ਦੌਰੇ ਦਾ ਆਖਰੀ ਦਿਨ ਸੀ। ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਇਥੋਂ ਦੇ ਨੌਜੁਆਨ ਜਥੇ ਨੇ ਕੀਤਾ। ਵਾਰੇ ਵਾਲੇ ਜਥੇ ਵਿਚ, ਗਿਆਨ ਸਿੰਘ ਹਰਮੋਨੀਅਮ ਤੇ ਹਰਨੇਕ ਸਿੰਘ ਵਜੀਦਪੁਰ ਢੋਲਕੀ ਇਕ ਹੋਰ ਨੌਜੁਆਨ ਢੋਲਕੀ ਅਤੇ ਬਾਕੀ ਛੈਣਿਆਂ ਵਾਲੇ ਅਤੇ ਨਾਲ ਗਾਉਣ ਵਾਲੇ ਨੌਜੁਆਨ: ਗੁਰਸਿੱਖ ਸਿੰਘ, ਗੁਰਜਾਪ ਸਿੰਘ, ਹਾਕਮ ਸਿੰਘ, ਸਵਰਨ ਸਿੰਘ, ਦਇਆ ਕੌਰ ਸਪੁੱਤਰੀ ਦਵਿੰਦਰ ਸਿੰਘ, ਹਰਨਾਮ ਸਿੰਘ, ਰਤਨ ਸਿੰਘ ਅਤੇ ਈਸ਼ਰ ਸਿੰਘ ਸਨ। ਵਾਰੇ ਦੀ ਅਰਦਾਸ ਸੂਬਾ ਰੇਸ਼ਮ ਸਿੰਘ ਨੇ ਕੀਤੀ। ਉਪਰੰਤ ਬੀਬੀ ਈਸ਼ਰ ਕੌਰ ਨੇ ਸਤਾਰ ਵਾਦਨ ਪੇਸ਼ ਕੀਤਾ ਤਬਲੇ ਤੇ ਸੰਗਤ ਬਘੇਲ ਸਿੰਘ ਨੇ ਕੀਤੀ। ਹਰਦਿਆਲ ਸਿੰਘ ਸਪੁੱਤਰ ਹਰਪਾਲ ਸਿੰਘ ਭੱਲੀ ਨੇ ਮੰਚ ਤੋਂ ਵਿਦਾਇਗੀ ਸੰਬੋਧਨ 'ਚ ਕਿਹਾ ਕਿ ਜਿਵੇਂ ਸਿਤਾਰ ਨੂੰ ਸੁਰ ਕਰਕੇ ਸੰਗੀਤ ਉਪਜਦਾ ਹੈ ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੂਰ ਦੁਰਾਡੇ ਦੇਸ਼ਾਂ ਦੇ ਦੌਰੇ ਕਰਕੇ ਸਾਨੂੰ ਸੁਰ ਕਰ ਜਾਂਦੇ ਹਨ ਆਪ ਜੀ ਦੀ ਕਿਰਪਾ ਨਾਲ ਹੀ ਸੁਰ ਹੋਏ ਸਿਖਾਂ ਚੋਂ ਹੀ ਸਿੱਖੀ ਦਾ ਸੰਗੀਤ ਉਪਜਦਾ ਹੈ। – ਸ੍ਰ. ਹਰਜਿੰਦਰ ਸਿੰਘ (ਪ੍ਰਧਾਨ) ਨੇ ਸ੍ਰੀ ਸਤਿਗੁਰੂ ਜੀ ਦੇ ਦੌਰੇ ਸਮੇਂ ਸੇਵਾ- ਸਹਿਯੋਗ ਲਈ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਦਾ ਦੇਣ ਤਾਂ ਅਸੀਂ ਦੇ ਹੀ ਨਹੀਂ ਸਕਦੇ। ਸਾਰੀ ਸੰਗਤ ਵਲੋਂ ਸੱਚੇਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਡੀਆਂ ਭੁੱਲਾਂ ਨਾ ਚਿਤਾਰਦੇ ਹੋਏ, ਏਸੇ ਤਰ੍ਹਾਂ ਸਾਨੂੰ ਨਿਵਾਜਦੇ ਰਹੋ, ਅਸੀਂ ਆਪਜੀ ਦੇ ਹੁਕਮਾਂ ਤੇ ਚੱਲ ਸਕੀਏ।

ਉਪਰੰਤ ਮੁੱਖ ਸੇਵਾਦਾਰ ਕਮੇਟੀ ਨੇ ਟੋਰਾਂਟੋਂ ਦੀ ਸੰਗਤ ਵਲੋਂ ਸਤਿਗੁਰੂ ਜੀ ਦੇ ਅੱਗੇ ਭੇਟਾ ਰੱਖੀ ਗਈ, ਬਖਸ਼ਿਸ਼ਾਂ ਮੰਗਦਿਆਂ ਫੇਰ ਏਸੇ ਤਰ੍ਹਾਂ ਦਰਸ਼ਨ ਦੇਣ ਦੀ ਬੇਨਤੀ ਕੀਤੀ। ਚਾਵਾਂ ਅਤੇ ਖੁਸ਼ੀਆਂ-ਖੇੜਿਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਦੌਰਾ ਸੰਪੰਨ ਹੋਇਆ।

ਸਮਾਪਤੀ ਉਪਰੰਤ ਗਰੀਬ ਨਿਵਾਜ ਜੀ ਡੇਰੇ ਸੂਬਾ ਰੇਸ਼ਮ ਸਿੰਘ ਜੀ ਦੇ ਗ੍ਰਹਿ ਵਿਖੇ ਕਿਰਪਾ ਕੀਤੀ। ਨੇੜੇ ਹੀ ਪਾਰਕ ਵਿਚ ਸੰਗਤਾਂ ਸਹਿਤ ਸੈਰ ਕੀਤੀ ਫੇਰ ਲੰਗਰ ਛਕਿਆ। ਦੁਪਹਿਰੇ ਤਿੰਨ ਵਜੇ ਘਰੋਂ ਏਅਰਪੋਰਟ ਲਈ ਰਵਾਨਾ ਹੋਣ ਤੱਕ ਡੇਰੇ ਸੰਗਤ ਦਾ ਮੇਲਾ ਲੱਗਿਆ ਰਿਹਾ।

ਸ੍ਰੀ ਸਤਿਗੁਰੂ ਜੀ ਸਿੱਖਾਂ ਦੀਆਂ ਅਰਜ਼ਾਂ ਬੇਨਤੀਆਂ ਸੁਣਦੇ, ਖੁਸ਼ੀਆਂ ਬਖਸ਼ਦੇ, 'ਦਰਸ਼ਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥ ਗੁਰਵਾਕ ਸਾਕਾਰ ਹੋ ਰਿਹਾ ਸੀ। ਸੰਗਤਾਂ ਗੁਰ ਦਰਸਨ, ਗੁਰੂ ਬਚਨਾਂ ਅਤੇ, ਸੱਚੇ ਪਾਤਸ਼ਾਹ ਜੀ ਦੀ ਛੂਹ ਥਾਪੜੇ ਆਦਿ ਨਾਲ ਅਨੰਦਿਤ ਹੋ ਰਹੀਆਂ ਸਨ-

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥

ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ ਸੇਵਕਾਂ ਸਹਿਤ ਸ਼ਾਮ ਨੂੰ 6 ਵਜੇ ਕੈਨੇਡਾ ਤੋਂ ਦੇਸ਼ (ਭਾਰਤ) ਵਾਸਤੇ ਰਵਾਨਾ ਹੋਏ।

ਸੰਪ:94176-01321

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਬੰਕੋਕ ਦੌਰਾ
1 ਅਗਸਤ ਤੋਂ 7 ਅਗਸਤ 2019

✍-ਹਰਪਾਲ ਸਿੰਘ ਸੋਧੀ

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਅਨੁਸਰਨੀ ਨਾਮਧਾਰੀ ਸਮਾਜ ਦੇ ਵਰਤਮਾਨ ਗੁਰੂ, ਸਤਿਗੁਰੂ ਉਦੇ ਸਿੰਘ ਜੀ ਨਾਮਧਾਰੀ ਫੁਲਵਾੜੀ ਦੀ ਪ੍ਰਤੀ ਪਾਲਣਾ, ਬੜੀ ਰੀਝ ਨਾਲ ਕਰ ਰਹੇ ਹਨ। ਭਾਵੇਂ ਉਹ ਫੁਲਵਾੜੀ ਦੇਸ਼ਾਂ 'ਚ ਹੈ ਭਾਵੇਂ ਵਿਦੇਸ਼ਾਂ 'ਚ। ਇਸੇ ਲੜੀ ਵਿਚ ਆਪਜੀ ਨੇ ਪਿਛਲੇ ਦਿਨੀ ਥਾਈਲੈਂਡ ਦਾ ਦੌਰਾ ਕੀਤਾ।

1 ਅਗਸਤ 2019 ਵੀਰਵਾਰ: ਨੂੰ ਭਾਰਤ ਦੀ ਰਾਜਧਾਨੀ ਦਿੱਲੀ ਦੇ ਥਾਈ ਏਅਰ ਵੇਜ ਦੀ TG 324 ਉਡਾਨ ਰਾਹੀਂ ਸਥਾਨਕ ਸਮੇਂ ਅਨੁਸਾਰ ਕਰੀਬ 5:30 ਤੇ ਬੰਕੌਕ ਦੇ ਸੁਵਰਨ ਭੂਮੀ ਹਵਾਈ ਅੱਡੇ ਤੇ ਪਹੁੰਚ ਕੇ ਅਗੋਂ ਵਾਂਡੀ ਸਵਾਗਤ ਕਰਨ ਪਹੁੰਚੇ ਸਿੱਖਾਂ ਨੂੰ ਦਰਸ਼ਨ ਦਿੱਤੇ। ਆਪ ਜੀ ਨਾਲ ਮਾਤਾ ਗੁਰਸ਼ਰਨ ਕੌਰ, ਮਰਦੰਗ ਵਾਦਕ ਜਤਿੰਦਰ ਪਾਲ ਸਿੰਘ ਚਿੰਕਾ, ਹਰ ਜੀ ਸਿੰਘ ਅਤੇ ਹੰਸਪਾਲ ਜੀ ਦਾ ਪੋਤਰਾ ਸੁੰਦਰ ਸਿੰਘ, ਸੇਵਕ ਆਸਾ ਸਿੰਘ, ਲਾਂਗਰੀ ਰਣਜੀਤ ਸਿੰਘ, ਹਰਪਾਲ ਸਿੰਘ ਸੇਵਾਦਾਰ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ, ਉਸਤਾਦ ਹਰਭਜਨ ਸਿੰਘ ਜੀ ਰਾਗੀ, ਬਲਵੰਤ ਸਿੰਘ ਰਾਗੀ, ਹਰਪ੍ਰੀਤ ਸਿੰਘ, ਰਾਗੀ ਕਿਰਪਾਲ ਸਿੰਘ ਪਨੇਸਰ ਇੰਗਲੈਂਡ ਵਾਲੇ ਅਤੇ ਕਥਾ ਵਾਚਕ ਭਜਨ ਸਿੰਘ ਵੀ ਪਧਾਰੇ। ਸ੍ਰੀ ਭੈਣੀ ਸਾਹਿਬ ਤੋਂ ਬੀਬੀਆਂ ਦਾ ਜਥਾ ਪਹਿਲਾਂ ਹੀ ਬੰਕੌਕ ਪਹੁੰਚ ਕੇ ਸੇਠ ਮਹਿਤਾਬ ਸਿੰਘ ਘਰ ਡੇਰਾ ਲਾਈ ਬੈਠਾ ਸੀ।

ਏਅਰ ਪੋਰਟ ਤੋਂ ਸਵਾਰ ਹੋ ਕੇ ਸਵਾਗਤੀ ਟੀਮ ਦੇ ਨਾਲ ਗੱਡੀਆਂ ਦਾ ਕਾਫਲਾ ਗੁਰਦੁਆਰੇ ਵੱਲ ਨੂੰ ਰਵਾਨਾ ਹੋਇਆ। ਗੁਰਦੁਆਰਾ ਸੋਇ ਅਸੋਕ ਵਿਖੇ ਸ਼ਾਮ 6:30 ਤੋਂ ਲੈਕੇ 7:30 ਤੱਕ ਨਾਮ ਸਿਮਰਨ ਦੌਰਾਨ ਕਥਾਵਾਚਕ ਭਜਨ ਸਿੰਘ ਨੇ ਗੁਰਸਿੱਖ ਦੇ ਸਤਿਗੁਰੂ ਪ੍ਰਤੀ ਸਮਰਪਿਤ ਭਾਵ ਨੂੰ ਪ੍ਰੇਰਦੀ ਕਥਾ ਕੀਤੀ। ਉਪਰੰਤ ਉਸਤਾਦ ਹਰਭਜਨ ਸਿੰਘ ਜੀ, ਰਾਗੀ ਬਲਵੰਤ ਸਿੰਘ ਜੀ, ਰਾਗੀ ਹਰਪ੍ਰੀਤ ਸਿੰਘ ਤਬਲਾਵਾਦਕ, ਜਸਪਾਲ ਸਿੰਘ ਥਾਈਲੈਂਡ ਅਤੇ ਕਿਰਪਾਲ ਸਿੰਘ ਪਨੇਸਰ (ਤਾਰਸ਼ਹਿਨਾਈ) ਨੇ ਗੁਰਬਾਣੀ ਦਾ ਕੀਰਤਨ ਕੀਤਾ।

ਰਾਗੀ ਬਲਵੰਤ ਸਿੰਘ ਨੇ ਸਭ ਤੋਂ ਪਹਿਲਾਂ ਉਸਤਾਦ ਹਰਭਜਨ ਸਿੰਘ ਜੀ ਦੀ ਸੁਰਬਸ ਕੀਤੀ, ਫਿਰ ਮਾਸਟਰ ਦਰਸ਼ਨ ਸਿਘ ਜੀ ਦੀ ਸਿਖਾਈ ਰੀਤ ਦੇ ਸ਼ਬਦਾਂ ਦਾ ਗਾਇਨ ਕੀਤਾ। ਕੀਰਤਨ ਉਪਰੰਤ ਕਾਕਾ ਹਾਕਮ ਸਿੰਘ ਨੇ ਅਰਦਾਸ ਕੀਤੀ। ਸਥਾਨਕ ਗੁਰਦੁਆਰੇ ਦੇ ਸਕੱਤਰ ਅਜੀਤ ਸਿੰਘ ਦੇਹਰਾਦੂਨ ਵਾਲਿਆਂ ਸਤਿਗੁਰੂ ਜੀ, ਮਾਤਾ ਜੀ ਅਤੇ ਭਾਰਤ ਤੋਂ ਆਈ ਸੰਗਤ ਦਾ ਧੰਨਵਾਦ ਕਰ ਅਗਾਮੀ ਪ੍ਰੋਗਰਾਮਾਂ ਦਾ ਵੇਰਵਾ ਦੱਸਿਆ। ਸਤਿਗੁਰੂ ਜੀ ਪਾਕਾਮਾਸ ਡੇਰੇ ਵਿਖੇ ਜਾ ਆਰਾਮ ਕੀਤਾ।

2 ਅਗਸਤ ਸ਼ੁਕਰਵਾਰ: ਅੰਮ੍ਰਿਤ ਵੇਲੇ, ਪਾਕਾਮਾਸ ਡੇਰੇ ਵਿਖੇ 4 ਤੋਂ 6 ਵਜੇ ਤੱਕ ਆਸਾ ਦੀ ਵਾਰ ਦਾ ਕੀਰਤਨ ਹੋਇਆ। ਆਸਾ ਦੀ ਵਾਰ ਦੀ ਅਰਦਾਸ ਕਾਕਾ ਮਹਿਤਾਬ ਸਿੰਘ ਨੇ ਕੀਤੀ। ਉਪਰੰਤ ਸ੍ਰੀ ਹਜ਼ੂਰ ਦੂਜੇ ਤਲ ਤੇ ਬਣੇ ਹਾਲ ਵਿਚ ਸੋਫੇ ਤੇ ਸਫੈਦ ਆਸਣ ਤੇ ਸੁਭਾਇਮਾਨ ਹੋਏ। ਸੇਠ ਸੁਰਅੰਮ੍ਰਿਤ ਸਿੰਘ ਅਤੇ ਹੋਰ ਕਈ ਬੰਕੌਂਕ ਨਿਵਾਸੀ ਨਤਮਸਤਕ ਹੋਏ। ਇਤਨੇ 'ਚ ਸਤਿਗੁਰੂ ਜੀ ਦੇ ਚਰਨਾਂ ਵਿੱਚ ਸਿੱਖ-ਸੇਵਕ ਆ ਹਾਜਰ ਹੋਏ ਤੇ ਸਫੈਦ ਵਿਛਾਈ ਤੇ 50 ਤੋਂ ਵੱਧ ਸੰਗਤ ਬੈਠ ਗਈ। 31 ਅਗਸਤ ਦੀ ਰਾਤ ਪੰਚਕੂਲਾ ਹਸਪਤਾਲ ਵਿੱਚ ਹਰਮਨ ਪਿਆਰੇ ਮਾਸਟਰ ਦਰਸ਼ਨ ਸਿੰਘ ਜੀ ਝੜਾਈ ਕਰ ਗਏ। ਸਤਿਗੁਰੂ ਜੀ ਫੁਰਮਾਇਆ ਕਰਤਾਰ ਆਖਦਾ ਸੀ ਮਾਸਟਰ ਜੀ ਦਸਮ ਗ੍ਰੰਥ ਸਾਹਿਬ ਦੀ ਦੂਸਰੀ ਸੈਂਚੀ ਦਾ ਕੰਮ ਵੀ ਪੂਰਾ ਕਰ ਜਾਂਦੇ, ਹੁਣ ਚਲੋ ਜੋ ਰਜਾ। ਮਾਸਟਰ ਜੀ ਦੀ ਉੱਚ ਸਖ਼ਸ਼ੀਅਤ ਬਾਰੇ ਬਚਨ ਤੁਰ ਪਏ। ਸਤਿਗੁਰੂ ਬਚਨ ਕੀਤਾ ਮੈਂ ਵੀ ਮਾਸਟਰ ਜੀ ਤੋਂ ਸਿਖਦਾ ਰਿਹਾ ਹਾਂ, ਮਾਸਟਰ ਜੀ ਦਾ ਸੁਭਾਅ ਬਹੁਤ ਵਧੀਆ ਸੀ ਪੂਰਨ ਨਿਰਮਾਣ। ਬਲਵੰਤ ਸਿੰਘ ਰਾਗੀ ਦੱਸਿਆ ਕਰੀਬ 1995 ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਸਟਰ ਜੀ ਨੂੰ ਨਾਲ ਰੱਖਣਾ ਸ਼ੁਰੂ ਕੀਤਾ।

ਮਾਸਟਰ ਜੀ ਦੱਸਿਆ ਕਰਦੇ ਸਨ ਕਿ ਪਹਿਲਾਂ ਤਾਂ ਮੈਨੂੰ ਗੁਰਬਾਣੀ ਏਨੀ ਯਾਦ ਨਹੀਂ ਸੀ ਜਦੋਂ ਤੋਂ ਸਤਿਗੁਰੂ ਜੀ ਕੀਰਤਨ ਸਮੇਂ ਤੇ ਗੁਰਬਾਣੀ ਦੀਆਂ ਸ਼ੁੱਧ ਤੁਕਾਂ ਬਾਰੇ ਪੁੱਛਣਾ ਸ਼ੁਰੂ ਕੀਤਾ ਮੈਂ ਉਦੋਂ ਤੋਂ ਜਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ ਸ਼ੁੱਧ ਗੁਰਬਾਣੀ ਕੰਠ ਹੋ ਗਈ। ਸਤਿਗੁਰੂ ਜੀ ਫੁਰਮਾਇਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਬੜੀ ਬਾਣੀ ਯਾਦ ਸੀ।

ਸਤਿਗੁਰੂ ਜੀ ਨੇ ਆਸਾ ਦੀ ਵਾਰ ਅਤੇ ਕੀਰਤਨ 'ਚ ਆਪਣੇ ਰਾਗੀਆਂ ਨੂੰ ਕੀਰਤਨ ਸਮੇਂ ਗੁਰਬਾਣੀ ਦਾ ਸ਼ੁਧ ਉਚਾਰਨ ਵੱਲ ਉਚੇਚਾ ਧਿਆਨ ਦਿੱਤਾ। ਉਸਤਾਦ ਜੀ ਬਚਨ ਕੀਤਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜਾ ਹੁੰਦੀ ਸੀ ਕਿ ਨੌਜੁਆਨਾਂ ਨੂੰ ਪਹਿਲੀ ਉਮਰ ਵਿਚ ਹਰ ਇੱਕ ਕੰਮ ਸਿਖਾਇਆ ਜਾਵੇ। ਸਤਿਗੁਰੂ ਜੀ ਨੇ ਉਸਤਾਦ ਜੀ ਨੂੰ ਪੁੱਛਿਆ ਕਿ ਤੁਹਾਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਸੰਭਾਲ ਹੈ? ਤੁਸੀਂ ਉਦੋਂ ਕਿੰਨੀ ਉਮਰ ਦੇ ਸਉ? ਤਾਂ ਉਸਤਾਦ ਜੀ ਜਵਾਬ ਦਿੱਤਾ, 'ਮੈਂ 14 ਵਰ੍ਹਿਆਂ ਦਾ ਸਾਂ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਉਹਲਾ ਕੀਤਾ' ਨਾਲ ਹੀ ਉਸਤਾਦ ਜੀ ਦੱਸਿਆ ਕਿ 'ਮੈਂ ਕਈ ਵਾਰ ਸਤਿਗੁਰੂ ਜੀ ਦੀ ਹਜ਼ੂਰੀ ਕੀਰਤਨ ਵਿੱਚ ਵਾਜਾ ਵਜਾਇਆ ਹੈ ਅਤੇ ਸਤਿਗੁਰੂ ਜੀ ਸਾਨੂੰ ਬਹੁਤ ਪਿਆਰ ਦੇਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਦੀ ਗੱਲ ਤੁਰਦੇ ਗਵਾਲੀਅਰ ਦੇ ਦੌਰੇ ਦੀ ਗੱਲ ਵੀ ਹੋਈ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਰਪ੍ਰੀਤ ਸਿੰਘ ਸੋਨੂੰ ਹੁਰਾਂ ਦੇ ਬਜ਼ੁਰਗਾਂ ਘਰ ਵਿੱਚ ਡੇਰਾ ਹੁੰਦਾ ਸੀ। ਬਚਨਾਂ ਦਾ ਸਿਲਸਿਲਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਦੇਣ ਵੱਲ ਤੁਰ ਪਿਆ। ਰਾਗੀ ਬਲਵੰਤ ਸਿੰਘ ਨੇ ਦੱਸਿਆ ਕਿ ਪਹਿਲਾਂ ਆਪਣਾ ਕੀਰਤਨ ਬਿਨਾਂ ਤਾਨਾਂ ਅਤੇ ਸਰਗਮਾਂ ਤੋਂ ਹੀ ਹੁੰਦਾ ਸੀ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰਕੇ ਕੀਰਤਨ ਅਤੇ ਸ਼ਾਸਤਰੀ ਸੰਗੀਤ ਦਾ ਮੇਲ ਕੀਤਾ ਹੈ। ਉਸਤਾਦ ਜੀ ਨੇ ਪੰਡਤ ਮਹਾਂਦੇਵ ਜੀ ਤੋਂ ਸੰਗੀਤ ਸਿੱਖਿਆ ਆਰੰਭ ਹੋਣ ਬਾਰੇ ਬਚਨ ਸੁਣਾਏ ਕਿ ਕਿਸ ਤਰ੍ਹਾਂ ਮਨਜੀਤ ਸਿੰਘ ਦਿੱਲੀ, ਗੁਰਦੇਵ ਸਿੰਘ ਨੂੰ ਸਤਿਗੁਰੂ ਜੀ ਨੇ ਪੰਡਤ ਜੀ ਤੋਂ ਸੰਗੀਤ ਸਿਖਣ ਲਾਇਆ। ਉਸਤਾਦ ਜੀ ਦੱਸਿਆ ਕਿ ਉਸਤਾਦ ਨਿਹਾਲ ਸਿੰਘ ਜੀ ਦੁਆਰਾ ਪੰਜਾਬੀ ਠੇਕਾ ਲਾਏ ਜਾਣ ਤੇ ਸਤਿਗੁਰੂ ਜੀ ਬਹੁਤ ਖੁਸ਼ ਹੁੰਦੇ ਸਨ। ਸੰਗੀਤ ਸੰਮੇਲਨਾਂ ਦੇ ਬਚਨਾਂ ਵਿੱਚੋਂ ਇਕ ਬਚਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਦਾ ਜਦੋਂ ਦਿੱਲੀ ਦੇ ਮਾਡਰਨ ਸਕੂਲ ਵਿਖੇ ਸੰਗੀਤ ਸੰਮੇਲਨ ਹੋਣਾ ਦਾ ਹੋਇਆ, ਜਗਦੀਸ਼ ਸਿੰਘ ਵਰਿਆਮ ਟ੍ਰੇਨ ਰਾਹੀ ਦਿੱਲੀ ਆ ਰਹੇ ਸਨ। ਸਫਰ ਬਹੁਤ ਅਉਖਾ ਰਿਹਾ, ਵਰਿਆਮ ਜੀ ਰਾਹ ਵਿਚ ਸੋਚਦੇ ਆਏ ਕਿ ਪਤਾ ਨਹੀਂ ਅਗੋਂ ਕਿਸੇ ਲੈਣ ਵਾਸਤੇ ਵੀ ਆਉਣਾ ਹੈ ਜਾਂ ਨਹੀਂ। ਜਦੋਂ ਗੱਡੀ ਸਟੇਸ਼ਨ ਤੇ ਪਹੁੰਚੀ ਤਾਂ ਵੇਖ ਕੇ ਹੈਰਾਨ ਹੋਏ, ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਕਈ ਹਾਰ ਲਈ ਸਿੱਖਾਂ ਨਾਲ ਖੜੇ ਸਨ।

ਥੋੜੇ ਆਰਾਮ ਬਾਅਦ ਸਤਿਗੁਰੂ ਜੀ ਨੇ ਬੀਬੀ ਸੁਖਪ੍ਰੀਤ ਕੌਰ ਖੰਡ ਪੁਰੀ ਵਾਲੀ ਨੂੰ ਹਸਪਤਾਲ ਵਿਚ ਜਾ ਦਰਸ਼ਨ ਦਿੱਤੇ, ਉਪਰੰਤ ਡੇਰੇ ਆਏ। ਗੁਰਦੁਆਰਾ ਸੋਏ ਅਸੋਕ ਜਾਣ ਤੋਂ ਪਹਿਲਾ ਸੰਤ ਪ੍ਰੇਮ ਸਿੰਘ ਕਾਲੜਾ ਦੇ ਘਰ ਚਰਨ ਪਾਏ, ਬੀਬੀ ਤਜਿੰਦਰ ਕੌਰ ਨੂੰ ਸੁਖਮਵਿਤ ਹਸਪਤਾਲ ਵਿਖੇ ਅਤੇ ਸੁਖਮਵਿਤ ਸੋਇ 8 ਵਿਖੇ ਬੀਬੀ ਰਣਜੀਤ ਕੌਰ ਨੂੰ ਦਰਸ਼ਨ ਦਿੱਤੇ।

ਸ਼ਾਮ 5 ਤੋਂ 6 ਵਜੇ ਤੱਕ ਨਾਮ ਸਿਮਰਨ ਦੌਰਾਨ ਸ੍ਰੀ ਭੈਣੀ ਸਾਹਿਬ ਤੋਂ ਆਏ ਕਥਾਵਾਚਕ ਭਜਨ ਸਿੰਘ ਨੇ ਕਥਾ ਕੀਤੀ। ਭਜਨ ਸਿੰਘ ਹੁਰਾਂ ਦੱਸਿਆ ਕਿ ਸਤਿਗੁਰੂ ਦੀ ਸਰਨ ਆਕੇ ਕਿਸ ਤਰ੍ਹਾਂ ਸਿੱਖ ਦਾ ਜੀਵਨ ਬਦਲਦਾ ਹੈ ਉਹ ਵਿਸ਼ੇ ਵਿਕਾਰਾਂ ਤੋਂ ਦੂਰ ਹੋ ਕੇ ਪਰਮਾਰਥ ਦੇ ਰਾਹ ਤੇ ਤੁਰਦਾ ਹੈ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕਿੰਨਿਆਂ, ਨਸ਼ੇ ਦੇ ਆਦੀ ਮਨੁੱਖਾਂ ਦੇ ਜੀਵਨ ਬਦਲੇ। ਉਪਰੰਤ ਹਜ਼ੂਰੀ ਰਾਗੀਆਂ ਕੀਰਤਨ ਕੀਤਾ। ਰਾਗ ਤਿਲੰਗ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੁਰ ਬਧ ਕੀਤਾ ਸ਼ਬਦ "ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ।" ਅਤੇ "ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ" ਸ਼ਬਦ ਦਾ ਗਾਇਨ ਕੀਤਾ। ਅਰਦਾਸ ਉਪਰੰਤ ਅਜੀਤ ਸਿੰਘ ਦੇਹਰਾਦੂਨ ਵਾਲਿਆਂ ਅਗਲੇ ਪ੍ਰੋਗਰਾਮ ਦੱਸੇ। ਗੁਰਦੁਆਰੇ ਤੋਂ ਹੀ ਸਤਿਗੁਰੂ ਜੀ ਦੇ ਨਾਲ ਗੱਡੀਆਂ ਦਾ ਕਾਫਲਾ ਪਤੀਆ ਵੱਲ ਤੁਰਿਆ ਜਿਥੇ ਕੱਲ ਤੋਂ ਥਾਈਲੈਂਡ ਦੇ ਬੱਚਿਆਂ ਦਾ ਗੁਰਮਤਿ ਕੈਂਪ ਆਰੰਭ ਹੋਣਾ ਸੀ।

ਨਾਮਧਾਰੀ ਯੂਥ ਕੈਂਪ

ਕ੍ਰੀਬ ਰਾਤ 9 ਵਜੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਾਤਾ ਗੁਰਸ਼ਰਨ ਕੌਰ ਜੀ ਨੇ ਰਾਗੀਆਂ ਤੇ ਸਿੱਖਾਂ ਸੇਵਕਾਂ ਸਹਿਤ ਯੂਥ ਕੈਂਪ ਲਈ ਬੁੱਕ ਕੀਤੇ ਈ ਥਾਮਸਾਈ ਈਕੋ ਹੋਟਲ ਪਥੀਆ (E Thammasi Eco Hotel Pattaya) ਵਿਖੇ ਜਾ ਦਰਸ਼ਨ ਦਿੱਤੇ ਜਿਥੇ ਨੌਜੁਆਨ ਲੜਕੇ ਲੜਕੀਆਂ ਆਪਣੇ ਪ੍ਰਬੰਧਕਾਂ ਦੀ ਦੇਖ ਰੇਖ ਵਿਚ ਸਤਿਗੁਰੂ ਜੀ ਨੂੰ ਉਡੀਕ ਰਹੇ ਸਨ।

ਯੂਥ ਕੈਂਪ ਦਾ ਸਾਰਾ ਪ੍ਰੋਗਰਾਮ ਲਸ਼ਮੀਂ, ਬਸੰਤ ਸਿੰਘ, ਨੀਤੀ, ਮੰਗਲ ਸਿੰਘ, ਬੀਬੀ ਕੰਵਲਜੀਤ ਕੌਰ, ਗੁਰਦੇਵ ਸਿੰਘ, ਮਾਨ ਸਿੰਘ ਆਦਿ ਨੇ ਬੜੇ ਸੁਚੱਜੇ ਢੰਗ ਨਾਲ ਵਿਓਂਤਬੱਦ ਕੀਤਾ, ਕੱਲ੍ਹ ਹੋਣ ਵਾਲੀਆਂ ਸਾਰੀਆਂ ਗਤੀਵੀਧੀਆਂ ਲਈ ਨੌਜੁਆਨਾਂ ਦੀਆਂ 8 ਟੀਮਾਂ ਬਣਾਈਆਂ ਗਈਆਂ ਸਨ। ਜਿੰਨਾਂ ਦੇ ਟੀਮ ਲੀਡਰ ਉਨ੍ਹਾਂ ਦੀ ਅਗਵਾਈ ਕਰਦੇ ਸਨ। ਸਤਿਗੁਰੂ ਜੀ ਦੇ ਪਹੁੰਚਣ ਤੇ 5 ਬੱਚਿਆਂ ਦੁਆਰਾ ਸਤਿਗੁਰੂ ਜੀ ਨੂੰ ਸੁੰਦਰ ਫੁੱਲਾਂ ਦੇ ਹਾਰ ਭੇਟ ਕੀਤੇ ਗਏ। ਸਾਰੇ ਡੈਲੀਗੇਟਸ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ, ਫਿਰ ਅੱਠੇ ਟੀਮਾਂ 'ਚੋਂ ਬੱਚਿਆਂ ਨੇ ਸਵਾਗਤੀ ਸ਼ਬਦ ਆਖ ਕੇ ਸਤਿਗੁਰੂ ਜੀ ਦਾ ਸ਼ਰਧਾ ਪੂਰਵਕ ਸਵਾਗਤ ਕੀਤਾ। ਸਤਿਗੁਰੂ ਜੀ ਨੇ ਵੀ ਬਚਨ ਕਰਦਿਆਂ ਫੁਰਮਾਇਆ ਕਿ ਤੁਹਾਨੂੰ ਸਾਰਿਆਂ ਨੂੰ ਏਥੇ ਇਕੱਠੇ ਇਸ ਰੂਪ 'ਚ ਵੇਖ ਕੇ ਬੜਾ ਚੰਗਾ ਲੱਗਿਆ, ਸਾਰਿਆਂ ਨੂੰ ਪਿਆਰ ਦਿੱਤਾ ਅਤੇ ਬਚਨ ਕੀਤਾ ਤੁਸੀਂ ਇਸ ਕੈਂਪ ਚੋਂ ਚੰਗੀਆਂ ਚੀਜਾਂ ਲੈ ਕੇ ਜਾਓਗੇ ਜੋ ਤੁਹਾਨੂੰ ਤੁਹਾਡੇ ਜੀਵਨ 'ਚ ਕੰਮ ਆਉਣਗੀਆਂ।

3-ਅਗਸਤ: ਈਕੋ ਹੋਟਲ ਦੇ ਦੱਖਨੀ ਪਾਸੇ ਵਾਲੇ ਤਾਲ ਦੇ ਵਿਚ ਸੁੰਦਰ ਸ਼ਿੰਗਾਰੇ ਮੰਚ ਤੇ ਸੁਭਾਇਮਾਨ ਸਤਿਗੁਰੂ ਜੀ ਦੀ ਹਜੂਰੀ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਉਪਰੰਤ ਸਥਾਨਕ ਗੁਰਬਾਣੀ ਸਿਖਿਆਰਥੀ ਬੱਚਿਆਂ ਨੇ ਹਜੂਰੀ ਵਿਚ ਹੀ ਜਪੁਜੀ ਸਾਹਿਬ ਦੀਆਂ ਸਾਰੀਆਂ ਪੌੜੀਆਂ ਦਾ ਸ਼ੁੱਧ ਪਾਠ ਕੀਤਾ। ਸ੍ਰੀ ਹਜੂਰ ਪਾਤਸ਼ਾਹ ਵਲੋਂ ਬੱਚਿਆਂ ਅਤੇ ਇਹਨਾਂ ਦੇ ਸਿਖਲਾਈ ਕਰਵਾਉਣ ਵਾਲਿਆਂ ਨੂੰ ਸ਼ਾਬਾਸ਼ ਦਾ ਪ੍ਰਸ਼ਾਦ ਮਿਲਿਆ। ਅਗਲਾ ਸੈਸ਼ਨ 9 ਵਜੇ ਆਰੰਭ ਹੋਣ ਤੋਂ ਪਹਿਲਾਂ ਬੱਚਿਆਂ ਨੇ ਜਲ ਪਾਣੀ ਕਰਨਾ ਸੀ। ਹੋਟਲ ਦੇ ਚੋਗਿਰਦੇ ਦੇ ਸੁੰਦਰ ਹਰੇ ਭਰੇ ਮੈਦਾਨ ਵਿਚ ਸਤਿਗੁਰੂ ਜੀ ਨੇ ਰਾਗੀ ਅਤੇ ਕੁਝ ਸਿੱਖਾਂ ਸੇਵਕਾਂ ਨਾਲ ਸੈਰ ਕੀਤੀ, ਮੈਦਾਨ ਦੇ ਨਾਲ ਇਕ ਛੋਟੀ ਜਹੀ ਬੂਟਿਆ ਦੀ ਨਰਸਰੀ ਸੀ, ਸ੍ਰੀ ਹਜੂਰ ਦਾ ਉਸ ਵਲ ਤੁਰ ਪੈਣਾ ਤਾਂ ਲਾਜਮੀ ਸੀ। ਇਥੋਂ ਦੀ ਸਥਾਨਕ ਬੀਬੀ ਸਤਿਗੁਰੂ ਜੀ ਨੂੰ ਬੂਟਿਆਂ ਬਾਰੇ ਦੱਸਣ ਲੱਗ ਪਈ। ਪਰ ਜਿਸ ਥਾਂ ਤੇ ਜਾ ਕੇ ਉਸਦਾ ਗਿਆਨ ਅਟਕਿਆ ਸ੍ਰੀ ਹਜੂਰ ਨੇ ਅਗਲੀ ਜਾਣਕਾਰੀ ਪੂਰਨ ਕੀਤੀ। ਕ੍ਰੀਬ 2 ਕਿਲੋਮੀਟਰ ਦੀ ਇਸ ਸੈਰ ਤੋਂ ਬਾਅਦ ਅਸੀਂ ਤਾਂ ਲੰਗਰ ਛਕਣ ਲੱਗ ਪਏ ਪਰ ਬਲਵੰਤ ਸਿੰਘ ਰਾਗੀ ਨੇ 10 ਕਿਲੋਮੀਟਰ ਦੌੜ ਵੀ ਲਾਈ। ਸ੍ਰੀ ਹਜੂਰ ਨੇ ਵੀ ਲੰਗਰ ਛਕਿਆ।

ਅਗਲਾ ਸੈਸ਼ਨ 9 ਵਜੇ ਉਸੇ ਹਾਲ ਵਿਚ ਆਰੰਭ ਹੋਇਆ 8 ਟੀਮਾਂ ਨੂੰ ਕੁਝ ਖੇਡਾਂ ਦਿਤੀਆਂ ਗਈਆਂ। ਇਕ ਖੇਡ ਸੀ ਕਿ ਟੀਮ ਲੀਡਰ ਤੋਂ ਇਲਾਵਾ ਸਾਰਿਆਂ ਦੀਆਂ ਅੱਖਾਂ ਤੇ ਪੱਟੀ ਬੰਨ ਦਿੱਤੀ ਅਤੇ ਉਨਾਂ ਸਾਥੀਆਂ ਨੂੰ ਆਪਣੇ ਟੀਮ ਲੀਡਰ ਦੇ ਆਖੇ ਅਨੁਸਾਰ ਕੁਝ ਫੋਟੋਆਂ ਦੇ ਟੁਕੜਿਆਂ ਦੀ ਜੋੜ ਕੇ ਇਕ ਵੱਡੀ ਤਸਵੀਰ ਪੂਰਨ ਕਰਨਾ ਸੀ। ਜਿਹੜੀ ਟੀਮ ਆਪਣੇ ਟੀਮ ਲੀਡਰ ਨੂੰ ਜਿੰਨ੍ਹਾਂ ਜਿਆਦਾ ਫਾਲੋ ਕਰੇਗੀ, ਉਹ ਟੀਮ ਓਨੀ ਛੇਤੀ ਆਪਣੀ ਗੇਮ ਪੂਰੀ ਕਰੇਗੀ। ਇਸ ਦਾ ਭਾਵ ਵੀ ਇਹੀ ਦੱਸਿਆ ਗਿਆ ਕਿ ਸਿੱਖ ਅੱਖਾਂ ਬੰਦ ਕਰਕੇ ਸਿਰਫ ਆਪਣੇ ਗੁਰੂ ਤੇ ਭਰੋਸਾ ਕਰਕੇ ਉਹਦੇ ਦੱਸੇ ਅਨੁਸਾਰ ਚੱਲੇ ਤਾਂ ਉਸਦਾ ਜੀਵਨ ਸਫਲ ਹੋਵੇਗਾ।

ਇਸ ਤੋਂ ਬਾਅਦ ਸਵਾਲ ਜਵਾਬ ਸੈਸ਼ਨ: ਮੰਚ ਦੇ ਸਾਹਮਣੇ ਸਤਿਗੁਰੂ ਜੀ ਇਕ ਕੁਰਸੀ ਤੇ ਬਿਰਾਜ ਮਾਨ ਹੋਏ। ਇਕ ਪਾਸੇ ਲੜਕੇ ਤੇ ਇਕ ਪਾਸੇ ਲੜਕੀਆਂ ਬੈਠੀਆਂ। ਪਰਿਵਾਰਕ ਵਾਤਾਵਰਣ ਸਿਰਜਿਆ ਗਿਆ ਅਤੇ ਬੱਚਿਆਂ ਨੂੰ ਕਿਸੇ ਵੀ ਪ੍ਰਕਾਰ ਦੇ ਸਵਾਲ ਪੁੱਛਣ ਦੀ ਖੁੱਲ ਦਿੱਤੀ ਗਈ। ਜਿਸ ਵਿਚ ਬੱਚਿਆਂ ਨੇ ਆਪਣੇ ਮਨਾਂ ਦੇ ਵਲਵਲੇ ਅਤੇ ਉਲਝਣਾਂ ਸਤਿਗੁਰੂ ਜੀ ਦੇ ਸਾਮਹਣੇ ਰੱਖੀਆਂ, ਜਿਸਦੇ ਸ੍ਰੀ ਹਜੂਰ ਵੱਲੋਂ ਪ੍ਰਮਾਣਤ ਅਤੇ ਸਿੱਖਿਆਤਮਕ ਜਵਾਬ ਦੇ ਕੇ ਬੱਚਿਆਂ ਦੇ ਸ਼ੰਕੇ ਨਵਿਰਤ ਕੀਤੇ ਗਏ। ਇਸ ਸੈਸ਼ਨ ਵਿਚ ਮਾਸ ਸ਼ਰਾਬ ਦੀ ਨਾ ਵਰਤੋਂ ਕਰਨ ਦੇ ਕਾਰਨਾਂ ਬਾਰੇ ਵੀ ਚਰਚਾ ਹੋਈ। ਸਿੱਖੀ ਦੇ ਮਹੱਤਵ, ਪਹਿਰਾਵਾ, ਕੇਸ ਰੱਖਣ ਬਾਰੇ ਵੀ ਚਰਚਾ ਹੋਈ। ਕੁਝ ਸਵਾਲਾਂ ਦੇ ਜਵਾਬ ਕਿਰਪਾਲ ਸਿੰਘ ਪਨੇਸਰ ਦੁਆਰਾ ਵੀ ਦਿੱਤੇ ਗਏ। ਸੈਸ਼ਨ ਬਹੁਤ ਵਧੀਆ ਸੀ। ਸੈਸ਼ਨ ਤੋਂ ਬਾਅਦ ਸਤਿਗੁਰੂ ਜੀ ਮੈਨੂੰ ਹੁਕਮ ਕੀਤਾ ਇਹਨਾਂ ਨਾਲ ਸਾਂਝ ਪਾਉਣ ਲਈ ਇਕ ਵਾਰ ਇਹਨਾਂ ਦੇ ਲੈਵਲ ਤੇ ਜਾਣਾ ਪੈਂਦਾ ਹੈ। ਇਹਨਾਂ ਬੱਚਿਆਂ ਨੂੰ ਸਾਰਾ ਸਾਲ ਹਰ ਰੋਜ ਇਹੋ ਜਿਹਾ ਵਾਤਾਵਰਨ ਹੀ ਮਿਲਦਾ ਹੈ। ਮਨੋਰੰਜਕ ਤਰੀਕੇ ਨਾਲ ਸਿਖਿਆ ਦੇਣ ਵਾਸਤੇ ਇਸ ਕੈਂਪ ਦਾ ਆਯੋਜਨ ਕੀਤਾ ਗਿਆ। ਮੈਂ ਬੇਨਤੀ ਕੀਤੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਵੀ ਇਸੇ ਤਰ੍ਹਾਂ ਹੀ ਕਿਰਪਾ ਕਰਿਆ ਕਰਦੇ ਸੀ।

ਇਸ ਸੈਸ਼ਨ ਤੋਂ ਬਾਅਦ ਬੱਚਿਆਂ ਨੂੰ ਵੰਨ ਸੁਵੰਨੇ ਪਦਾਰਥ ਛਕਾਏ ਗਏ। ਜਿਸ ਦਾ ਪ੍ਰਬੰਧ ਪਹਿਲਾਂ ਤੋਂ ਹੀ ਬੀਬੀਆਂ

ਵੱਲੋਂ ਕੀਤਾ ਗਿਆ ਸੀ।

ਇਸ ਸੈਸ਼ਨ ਦੇ ਮੁਕਦਿਆਂ ਹੀ ਆਪ ਜੀ ਗੱਡੀਆਂ ਤੇ ਸਵਾਰ ਹੋ ਪਤੀਆ ਵਿਖੇ ਰਹਿਣ ਵਾਲੇ ਸੰਤ ਕਰਤਾਰ ਸਿੰਘ ਦੇ ਘਰ ਜਾ ਉਸ ਦੀ ਸੁੱਖ ਸਾਰ ਲਈ। ਪਤੀਆ 'ਚ ਹੀ ਹੋਰ ਥਾਵਾਂ ਤੇ ਜਾ ਦੁਪਹਿਰ ਦੇ ਸ਼ੈਸਨ ਵਿਚ ਆਣ ਦਰਸ਼ਨ ਦਿੱਤੇ।

ਦੁਪਹਿਰ ਦਾ ਸ਼ੈਸਨ:- ਇਸ ਸ਼ੈਸਨ ਵਿੱਚ ਖੇਡਾਂ ਕਰਵਾਈਆਂ ਗਈਆਂ। ਫੁੱਟਬਾਲ, ਚੇਅਰ ਬਾਲ ਅਤੇ ਹੋਰ ਸਿਹਤ ਨਾਲ ਜੁੜੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਫੁੱਟਬਾਲ ਦੀਆਂ ਅੱਠ ਟੀਮਾਂ ਨੇ ਆਪੋ ਵਿੱਚ ਫ੍ਰੈਂਡਲੀ ਮੈਚ ਖੇਡੇ। ਇਸ ਤੋਂ ਬਾਅਦ ਨਾਮ ਸਿਮਰਨ ਦੌਰਾਨ ਕਥਾ ਵਾਚਕ ਭਜਨ ਸਿੰਘ ਅਤੇ ਕਿਰਪਾਲ ਸਿੰਘ ਪਨੇਸਰ ਨੇ ਕਥਾ ਕਰ ਬੱਚਿਆਂ ਨੂੰ ਸਿੱਖੀ ਦੇ ਫਲਸਫੇ ਸੁੰਦਰ ਢੰਗ ਨਾਲ ਸਮਝਾਏ। ਚੰਗਮਈ ਤੋਂ ਕਾਕਾ ਬਲਕਾਰ ਸਿੰਘ ਨੇ 'ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥ ਸ਼ਬਦ ਗਾਇਨ ਕੀਤਾ।

ਸ਼ਬਦ ਸੁਣ ਕੇ ਸਤਿਗੁਰੂ ਜੀ ਬਹੁਤ ਖੁਸ਼ ਹੋਏ, ਸਤਿਗੁਰੂ ਜੀ ਨੇ ਬੱਚਿਆਂ ਨੂੰ ਪਿਆਰ ਦਿੱਤਾ ਅਤੇ ਸਾਰੇ ਨੌਜੁਆਨਾਂ ਨੂੰ ਹੁਕਮ ਕੀਤਾ ਅਜ-ਸ਼ਾਮ ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਲਈ ਇਸ ਤੁਕ ਤੇ ਹੋਮ ਵਰਕ ਕਰਕੇ ਆਓ। ਇਸ ਤੁਕ ਤੇ ਵਿਚਾਰਾਂ ਕਰਾਂਗੇ। ਇਸ ਤੋਂ ਪਹਿਲਾਂ ਕਿਰਪਾਲ ਸਿੰਘ ਪਨੇਸਰ ਦੁਆਰਾ ਵੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰਬਾਣੀ ਦੀ ਤੁਕ "ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ" ਤੇ ਹੋਮ ਵਰਕ ਕਰਨ ਲਈ ਦਿੱਤੀ ਗਈ ਸੀ।

ਉਪਰੰਤ ਹਰ ਕੌਰ, ਸੰਤਾ ਸਿੰਘ, ਮਹਿਤਾਬ ਸਿੰਘ (ਤਬਲਾ) ਬੱਚਿਆਂ ਨੇ ਜਥੇ ਰੂਪ ਚ ਸ਼ਬਦ ਗਾਇਨ ਕੀਤਾ।

"ਕੋਈ ਆਣ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ" ਅਤੇ "ਊਚ ਅਪਾਰ ਬੇਅੰਤ ਸੁਆਮੀ"

ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਵਰ੍ਹੇ ਤੇ ਸਤਿਗੁਰੂ ਹਰੀ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਬੱਚਿਆਂ ਨੇ ਭਾਸ਼ਣ ਦਿੱਤੇ ਉਪਰੰਤ ਸਤਿਗੁਰੂ ਜੀ ਨੇ ਗੁਰਬਾਣੀ ਦੇ ਮਹੱਤਵ ਤੇ ਸਾਧ ਸੰਗਤ ਨੂੰ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕੀਤਾ। ਉਪਰੰਤ ਸਭ ਬੱਚਿਆਂ ਨੇ ਪ੍ਰਸ਼ਾਦ ਪਾਣੀ ਛਕਿਆ ਤੇ ਅਰਾਮ ਕੀਤਾ। ਅੱਜ ਦਾ ਅਖੀਰਲਾ ਸੈਸ਼ਨ ਬੜਾ ਹੀ ਰੋਚਕ ਸੀ ਇਸ ਦਾ ਅੰਗ੍ਰੇਜ਼ੀ ਵਿਚ ਨਾਮ Bonfire Session ਸੀ। ਜਿਸ ਵਿਚ ਸ਼ਾਮ ਪਏ ਤੇ ਲਕੜਾਂ ਬਾਲ ਲੋਕ ਆਲੇ ਦੁਆਲੇ ਬੈਠ ਕੇ ਗੱਲਾਂ ਬਾਤਾਂ ਅਤੇ ਗੀਤ ਸੰਗੀਤ ਕਰਦੇ ਹਨ।

ਇਸ ਸ਼ੈਸ਼ਨ ਨੂੰ ਇਥੇ ਰੌਚਕਤਾ ਦੇ ਨਾਲ-ਨਾਲ ਗੁਰਮਤਿ ਦਾ ਰੰਗ ਦਿੱਤਾ ਗਿਆ। ਗਰਮੀ ਦੇ ਮੌਸਮ ਚ ਖੁੱਲੇ ਅਸਮਾਨ ਥੱਲੇ ਹਵਾ ਨਾਲ ਸੀਤਲ ਹੋਏ ਵਾਤਾਵਰਨ ਨੂੰ ਲਕੜਾਂ ਬਾਲ ਕੇ ਗਰਮ ਤਾਂ ਨਹੀਂ ਕੀਤਾ ਗਿਆ ਸੀ ਪਰ ਲਕੜਾ ਦਾ ਉਹੋ ਜਿਹਾ ਢੇਰ ਲਾ ਕੇ ਉਸ ਥੱਲੇ ਅੱਗ ਨੁਮਾਂ ਲਾਲ ਲਾਈਟ ਬਾਲ ਕੇ Bonfire ਵਰਗਾ ਬਣਾਇਆ ਗਿਆ॥ ਆਲੇ ਦੁਆਲੇ 12 ਸਾਲ ਤੋਂ 26 ਸਾਲ ਤੱਕ ਦੇ 84 ਨੌਜੁਆਨ, 30 ਤੋਂ ਵੱਧ ਪ੍ਰਬੰਧਕ ਸਥਾਨਕ ਅਤੇ ਭਾਰਤ ਤੋਂ ਆਈ ਸੰਗਤ ਬੈਠ ਗਈ। ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਵੀ ਬਿਰਾਜਮਾਨ ਹੋਏ। ਸੈਸ਼ਨ ਦੀ ਸ਼ੁਰੂਆਤ ਹੋਮ ਵਰਕ ਲਈ ਦਿੱਤੀਆਂ ਤੁਕਾਂ ਤੇ ਆਪਣੇ ਆਪਣੇ ਭਾਵ ਦੇਣ ਨਾਲ ਆਰੰਭ ਹੋਈ। ਬਹੁਤ ਸਾਰੇ ਨੌਜੁਆਨਾਂ ਨੇ ਗੁਰਬਾਣੀ ਦੀਆਂ ਤੁਕਾਂ ਤੇ ਆਪਣੇ ਵੀਚਾਰ ਦਿੱਤੇ। ਸਤਿਗੁਰੂ ਜੀ ਉਨ੍ਹਾਂ ਬੱਚਿਆਂ ਦੁਆਰਾ ਦਿੱਤੇ ਵਿਚਾਰਾਂ ਦੀ ਸ਼ੁੱਧੀਕਰਨ ਕਰਦੇ ਜਿਸਦੇ ਵਿਚਾਰ ਵਧੀਆ ਹੁੰਦੇ ਉਸ ਨੂੰ ਸਲਾਹੁੰਦੇ।

ਗੁਰਬਾਣੀ ਤੇ ਹੋਰ ਬਚਨ ਬਿਲਾਸ ਕਰਨ ਬਾਅਦ ਸਤਿਗੁਰੂ ਜੀ ਨੇ ਪੁੱਛਿਆ ਗੁਰਬਾਣੀ ਕਿੰਨੇ ਰਾਗਾਂ ਵਿੱਚ ਹੈ ਤੇ ਕਿਹੜੇ-ਕਹਿੜੇ ਰਾਗਾਂ ਵਿਚ। ਕੁਝ ਬੱਚਿਆਂ ਨੇ ਰਾਗਾਂ ਦੇ ਨਾਮ ਲੈਣੇ ਆਰੰਭ ਕੀਤੇ, ਕਿਰਪਾਲ ਸਿੰਘ ਪਨੇਸਰ ਨੇ ਇਸ ਨੂੰ ਵਿਸਤਾਰ ਸਹਿਤ ਸਮਝਾਇਆ। ਫਿਰ ਸਤਿਗੁਰੂ ਜੀ ਨੇ ਪੁੱਛਿਆ ਕਿ ਤੁਹਾਡੇ ਚੋਂ ਕੌਣ-ਕੌਣ ਮਿਊਜਿਕ ਸੁਣਦਾ ਹੈ ਤੁਸੀਂ ਕਿਹੜਾ ਸੰਗੀਤ ਸੁਣਨਾ ਪਸੰਦ ਕਰਦੇ ਹੋ। ਬੱਚਿਆਂ ਨੇ ਆਪੋ-ਆਪਣੀ ਪਸੰਦ ਦੇ ਸੰਗੀਤ ਬਾਰੇ ਦੱਸਿਆ। ਸਚਮੁੱਚ ਹੀ ਸਤਿਗੁਰੂ ਜੀ ਬੱਚਿਆਂ ਦੇ ਲੈਵਲ ਤੇ ਜਾਕੇ ਗੱਲਬਾਤ ਕਰ ਰਹੇ ਸਨ। ਸਤਿਗੁਰੂ ਜੀ ਹੁਕਮ ਕੀਤਾ ਕਿ ਤੁਸੀਂ ਸਾਡੇ ਵਾਸਤੇ ਕੁਝ ਗਾ ਸਕਦੇ ਹੋ ਤਾਂ ਸੰਤ ਸਿੰਘ ਨੇ ਆਪਣੀ ਗਿਟਾਰ ਨਾਲ ਕੁਝ ਗਾਇਆ, ਰਸਲੀਨ ਕੌਰ ਨੇ ਹਿੰਦੀ 'ਚ ਗਾਇਆ।

ਸਤਿਗੁਰੂ ਜੀ ਪੁੱਛਿਆ ਕਿ ਸ਼ਾਸ਼ਤਰੀ ਸੰਗੀਤ ਜਿਸ ਵਿਚ ਅਸੀਂ ਕੀਰਤਨ ਕਰਦੇ ਹਾਂ ਅਤੇ ਵੈਸਟਰਨ ਸੰਗੀਤ ਵਿਚ ਕੀ ਫਰਕ ਹੈ? ਉਸ ਨੇ ਆਪਣਾ ਉੱਤਰ ਦਿੱਤਾ ਤਾਂ ਸਤਿਗੁਰੂ ਜੀ ਦੱਸਿਆ- ਜਦੋਂ ਅਸੀਂ ਕੀਰਤਨ ਕਰਦੇ ਹਾਂ ਅਸੀਂ ਅਕਾਲ ਪੁਰਖ ਨਾਲ ਜੁੜਦੇ ਹਾਂ। ਕਿਸੇ ਮਨੋਰੰਜਨ ਲਈ ਨਹੀਂ ਕਰਦੇ ਇਸ ਲਈ ਕੀਰਤਨ ਦਾ ਆਨੰਦ ਆਉਂਦਾ ਹੈ। ਸਤਿਗੁਰੂ ਜੀ

ਆਖਿਆ ਕੋਈ ਸ਼ਬਦ ਗਾ ਸਕਦਾ ਹੈ। ਇਕ ਲੜਕੀ ਨਤਾਸ਼ਾ ਨੇ ਸ਼ਬਦ ਸੁਨਾਇਆ- "ਐਸਾ ਨਾਮੁ ਨਿਰੰਜਨੁ ਹੋਇ"॥ ਬੀਬੀ ਨੈਨਾ ਅਤੇ ਹੋਰ ਸੰਗਤ ਨੇ ਰਲ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਗੀਤ ਗਾਇਨ ਕੀਤਾ। "ਨਹੀ ਰੀਸਾਂ ਗੁਰ ਜਗਜੀਤ ਦੀਆਂ"। ਇਸ ਗੀਤ ਨਾਲ ਇਹ ਸੈਸ਼ਨ ਸਮਾਪਤ ਹੋਇਆ। ਬੱਚੇ ਡੇਰਿਆਂ ਵੱਲ ਤੁਰ ਪਏ। ਸਤਿਗੁਰੂ ਜੀ ਬਚਨ ਕੀਤਾ ਰਸਲੀਨ ਆਦਿ ਨੂੰ ਸੰਗੀਤ ਸਿਖਾਇਆ ਜਾ ਸਕਦਾ ਹੈ। ਅੱਜ ਦੇ ਸੈਸ਼ਨ ਤੋਂ ਬੱਚਿਆਂ ਦੀ ਜੋ ਪ੍ਰਤਿਭਾ ਸਾਹਮਣੇ ਆਈ ਉਸ ਨੂੰ ਦਿਸ਼ਾ ਦੇਣ ਦੀ ਜੁਗਤ ਸ੍ਰੀ ਹਜ਼ੂਰ ਨੇ ਉਲੀਕਣੀ ਆਰੰਭ ਕਰ ਦਿੱਤੀ। ਆਸ ਹੈ ਇਹ ਬੱਚੇ ਛੇਤੀ ਹੀ ਰਾਗ ਵਿਦਿਆ ਨਾਲ ਜੁੜ ਜਾਣਗੇ।

ਉਪਰੰਤ ਸਤਿਗੁਰੂ ਜੀ ਦੇ ਹਸਤ ਕੰਵਲਾਂ ਦੁਆਰਾ ਕੈਂਪ 'ਚ ਸ਼ਾਮਲ ਸਾਰੇ ਬੱਚਿਆਂ ਨੂੰ ਮੈਡਲ (ਪ੍ਰਾਈਜ਼) ਆਦਿ ਦਿੱਤੇ ਗਏ। ਯੂਥ ਕੈਂਪ ਦਾ ਸਫਲ ਸਮਾਪਨ ਹੋਇਆ।

ਸਤਿਗੁਰੂ ਜੀ ਬੈਂਕੋਕ ਜਾਣ ਲਈ ਗੱਡੀਆਂ 'ਚ ਸਵਾਰ ਹੋਏ। ਇਥੋਂ ਚੱਲ ਕੇ ਸੰਤ ਮਹਿੰਦਰ ਸਿੰਘ ਪ੍ਰੀਤ ਜੀ (ਗੋਰੋਵਾੜਾ) ਦੇ ਘਰ ਜਾ ਜਲ ਪਾਣੀ ਛਕਿਆ, ਉਪਰੰਤ ਸੰਤ ਬਚਿੱਤਰ ਸਿੰਘ, ਸੰਤ ਕਿਰਪਾਲ ਸਿੰਘ ਤੇ ਸੰਤ ਅਤਰ ਸਿੰਘ ਗੋਰੋਵਾੜਾ ਦੇ ਘਰਾਂ 'ਚ ਚਰਨ ਪਾਏ। ਡੇਰੇ ਆਰਾਮ ਕਰ, ਗੁਰਦੁਆਰਾ ਸੋਏ ਅਸ਼ੋਕ ਵਿਖੇ ਨਾਮ ਸਿਮਰਨ ਵਿਚ ਦਰਸ਼ਨ ਦਿੱਤੇ। ਨਾਮ ਸਿਮਰਨ ਉਪਰੰਤ ਰਾਗੀਆਂ ਨੇ ਕੀਰਤਨ ਕੀਤਾ, ਪਾਠਾਂ ਦੇ ਭੋਗ ਪਾਏ ਗਏ।

ਮਿਤੀ 4 ਅਗਸਤ ਸੋਮਵਾਰ ਨੂੰ ਆਸਾ ਦੀ ਵਾਰ ਦਾ ਕੀਰਤਨ ਸ. ਜਗਜੀਤ ਸਿੰਘ ਖਰਬੰਦਾ ਦੇ ਘਰ ਹੋਇਆ। ਡੇਰੇ ਆ ਕੇ ਕੁਝ ਸਮੇਂ ਬਾਅਦ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕੀਤੀ। ਸੰਤ ਰਛਪਾਲ ਸਿੰਘ ਗੋਰੋਵਾੜਾ ਨੂੰ ਸੁਖਮਵਿਤ ਹਸਪਤਾਲ ਜਾ ਦਰਸ਼ਨ ਦਿੱਤੇ। ਸੰਤ ਗੁਰਦੀਪ ਸਿੰਘ ਚਾਵਲਾ ਘਰ ਚਰਨ ਪਾਏ। ਸੰਤ ਤਰਨ ਸਿੰਘ ਚਾਵਲਾ ਦੀ ਲੜਕੀ ਪ੍ਰੇਮਰਤਨ ਦੀ ਸਨ- ਸ਼ਾਈਨ ਮਾਰਕੀਟ ਸਥਿਤ ਦੁਕਾਕ ਚ ਚਰਨ ਪਾਏ। ਸੇਠ ਕੁਲਬੀਰ ਸਿੰਘ ਅਤੇ ਸੇਠ ਸੁਰਅਮ੍ਰਿਤ ਸਿੰਘ ਚਾਵਲਾ ਦੇ ਘਰ ਚਰਨ ਪਾਏ।

ਡੇਰਾ ਪਾਕਾਮਾਸ ਵਿਖੇ 1 ਤੋਂ 2 ਨਾਮ ਸਿਮਰਨ ਦੌਰਾਨ ਕਥਾ ਵਾਚਕ ਭਜਨ ਸਿੰਘ ਨੇ ਕਥਾ ਕੀਤੀ। ਉਪਰੰਤ ਰਾਗੀਆਂ ਦੁਆਰਾ ਕੀਰਤਨ ਕੀਤਾ ਗਿਆ। ਅੱਜ ਦਾ ਅਗਲਾ ਪ੍ਰੋਗਰਾਮ Army Radio and Television (Channels) Building) ਦੇ ਥਿਏਟਰ ਹਾਲ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਮਈ ਯਾਤਰਾ ਤੇ ਬਣੀ ਡਾਕੂਮੈਂਟਰੀ ਫਿਲਮ 'ਸੰਗੀਤ ਸਰੂਪ ਸਤਿਗੁਰੂ' ਵਖਾਏ ਜਾਣ ਦਾ ਸੀ। ਸਤਿਗੁਰੂ ਜੀ, ਨਿੱਜੀ ਸੇਵਕਾਂ ਸਹਿਤ ਹਾਲ ਦੇ ਮੱਧ ਵਿਚ ਨਿਸ਼ਚਿਤ ਆਸਣ ਤੇ ਸੁਭਾਏਮਾਨ ਹੋਏ। ਅੱਜ ਇੰਗਲੈਂਡ ਸੰਗਤ ਦੇ ਸਕੱਤਰ ਕੁਲਦੀਪ ਸਿੰਘ ਉੱਭੀ ਵੀ ਬੈਂਕੋਂਕ ਸਤਿਗੁਰੂ ਜੀ ਦੇ ਚਰਨਾਂ ਵਿਚ ਆਣ ਨਤਮਸਤਕ ਹੋਏ ਸਨ।

ਫਿਲਮ ਦੇ ਆਰੰਭ ਤੋਂ ਪਹਿਲਾਂ ਇੰਦਰ ਜੀਤ ਸਿੰਘ ਨਰੂਲਾ ਨੇ ਫਿਲਮ ਬਾਰੇ ਦੱਸਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਵਖਿਆਨ ਕੀਤਾ। ਥਾਈ ਰਾਸ਼ਟਰ ਗਾਨ ਉਪਰੰਤ ਵੱਡੀ ਸਕਰੀਨ ਤੇ 'ਸੰਗੀਤ-ਸਰੂਪ-ਸਤਿਗੁਰੂ' ਡਾਕੂਮੈਂਟਰੀ ਪਰਦਰਸ਼ਿਤ ਕੀਤੀ ਗਈ। ਫਿਲਮ ਦੇ ਮੱਧ ਵਿਚ ਭਾਰਤ ਦੀ ਰਾਜਦੂਤ ਬੀਬੀ ਸੁਚਿੱਤਰਾ ਦੁਰਾਣੀ ਜੀ ਨੇ ਵੀ ਸ਼ਮੂਲੀਅਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਸਿਰੋਪਾਓ ਬਖਸ਼ ਕੇ ਨਿਵਾਜਿਆ। ਸ੍ਰੀ ਹਜ਼ੂਰ ਨੇ ਸਾਰੀ ਕਮੇਟੀ ਨਾਲ ਵਿਸ਼ੇਸ਼ ਇੱਕਤਰਤਾ ਕਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨਿਆਂ ਦੀ ਸਾਕਾਰਤਾ ਦਾ ਮਿਸ਼ਨ ਕਮੇਟੀ ਨੂੰ ਦ੍ਰਿੜ ਕਰਵਾਇਆ।

ਮਿਤੀ 6 ਅਗਸਤ ਦਿਨ ਮੰਗਲਵਾਰ ਆਸਾ ਦੀ ਵਾਰ ਦਾ ਕੀਰਤਨ ਸੇਠ ਮਹਿੰਦਰ ਸਿੰਘ K.S ਦੇ ਗ੍ਰਹਿ ਵਿਖੇ ਹੋਇਆ। ਸਤਿਗੁਰੂ ਜੀ ਲੰਗਰ ਛਕਣ ਸਮੇਂ ਪਾਸ ਬੈਠੇ ਮਨਚੰਦਾ ਜੀ ਨੂੰ ਬਚਨ ਕਰਨਾ, 'ਕੁਝ ਹੋਰ ਆਵੇ' ਤਾਂ ਮਨਚੰਦਾ ਜੀ ਆਖਣਾ 'ਜੋ ਰਜਾ ਹੈ।' ਸੇਵਾਦਾਰਾਂ ਨੂੰ ਹੁਕਮ ਹੋਣਾ ਥਾਲ 'ਚ ਪਦਾਰਥ ਪਰੋਸਿਆ ਜਾਣਾ ਤੇ ਮਨਚੰਦਾ ਜੀ ਛਕ ਲੈਣਾ। ਇਹ ਸਿਲਸਿਲਾ ਕਈ ਵਾਰ ਹੋ ਨਿਬੜਿਆ, ਫਿਰ ਮਨਚੰਦਾ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਬਚਨ ਸੁਣਾ ਕੇ ਭਾਵੁਕ ਹੋ ਗਏ। ਮਨਚੰਦਾ ਜੀ ਵੇਰਵੇ ਸਹਿਤ ਬਚਨ ਸੁਣਾਇਆ ਕਿ ਇਕ ਵੇਰ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਤ ਬਲਕਾਰ ਸਿੰਘ, ਗੁਰਮੁਖ ਸਿੰਘ ਡਰਾਈਵਰ ਅਤੇ ਮੈਂ ਸ੍ਰੀ ਭੈਣੀ ਸਾਹਿਬ ਤੋਂ ਮੰਡੀ ਵੱਲ ਤੁਰਨਾ ਸੀ। ਦਿਨ ਦੇ ਕ੍ਰੀਬ 10 ਵਜੇ, ਮੰਡੀ ਦੀ ਸੰਗਤ ਨੂੰ ਸੁਨੇਹਾ ਦਿੱਤਾ ਕਿ ਸਾਰੇ ਸੁੰਦਰ ਨਗਰ ਹੀ ਸ਼ਾਮ ਚਾਰ ਵਜੇ ਤੱਕ ਇੱਕਠੇ ਹੋ ਜਾਓ, ਪਰ ਕਿਸੇ ਕਾਰਣ ਸ਼ਾਮ ਚਾਰ ਵਜੇ ਸ੍ਰੀ ਭੈਣੀ

ਸਾਹਿਬ ਤੋਂ ਤੁਰੇ ਤੇ ਰਾਤ 9 ਵਜੇ ਨੇੜ ਚੌਕ ਪਹੁੰਚੇ। ਸੰਗਤ ਇੰਤਜ਼ਾਰ ਕਰ, ਘਰਾਂ ਨੂੰ ਪਰਤ ਗਈ ਸੀ ਕਿਉਂਕਿ ਫੋਨਾਂ ਵਾਲੀ ਸੁਵਿਧਾ ਉਨ੍ਹਾਂ ਦਿਨਾਂ 'ਚ ਨਹੀਂ ਸੀ। ਮੈਂ ਅਰਜ਼ ਕੀਤੀ 'ਗਰੀਬ ਨਿਵਾਜ ਜੀਓ ਭੁੱਖ ਬੜੀ ਲੱਗੀ ਹੈ।' ਮੰਡੀ ਚੱਲ ਕੇ ਕੁਝ ਛਕ ਲਈਏ। ਪਾਤਸ਼ਾਹ ਜੀ ਹੁਕਮ ਕੀਤਾ ਡਰਾਈਵਰ ਨੂੰ ਕਹਿ ਰਵਾਲਸਰ ਚੱਲੋ। ਮੈਂ ਫਿਰ ਅਰਜ਼ ਕੀਤੀ 'ਜੀ ਭੁੱਖ ਲੱਗੀ ਹੈ।' ਰਵਾਲਸਰ ਜਾ ਕੇ ਐਸ ਵੇਲੇ ਛਕਣ ਨੂੰ ਕੁਝ ਨਹੀਂ ਮਿਲਣਾ। ਸੱਚੇ ਪਾਤਸ਼ਾਹ ਜੀ ਫੁਰਮਾਇਆ 'ਤੂੰ ਫਿਕਰ ਨਾ ਕਰ।' ਜਦੋਂ ਰਾਤ 11 ਵਜੇ ਦੇ ਕ੍ਰੀਬ ਰਵਾਲਸਰ, ਮਾਈ ਮਸਤਾਨੀ ਦੇ ਘਰ ਪਹੁੰਚੇ ਤਾਂ ਉਹ ਅੱਗੋਂ ਪ੍ਰਸ਼ਾਦਾ ਤਿਆਰ ਕਰਕੇ ਬੈਠੀ ਸੀ। ਮਨਚੰਦਾ ਜੀ ਦੱਸਦੇ ਸਨ ਕਿ ਅਸੀਂ ਬੜੇ ਹੈਰਾਨ ਹੋਏ, ਬਲਕਾਰ ਸਿੰਘ ਨੇ ਬੀਬੀ ਨੂੰ ਪੁੱਛਿਆ, 'ਤੈਨੂੰ ਕਿੰਨੇ ਦੱਸਿਆ ਕਿ ਅਸੀਂ ਆਉਣਾ ਹੈ, ਤੂੰ ਪ੍ਰਸ਼ਾਦਾ ਪਹਿਲਾਂ ਹੀ ਤਿਆਰ ਕਰੀ ਬੈਠੀ ਹੈਂ। ਉਸ ਆਖਿਆ ਮੇਰੇ ਮਨ 'ਚ ਆਉਂਦੀ ਸੀ ਕਿ ਅੱਜ ਸਤਿਗੁਰੂ ਜੀ ਜ਼ਰੂਰ ਆਉਣਗੇ।' ਮਨਚੰਦਾ ਜੀ ਦੱਸਦੇ ਭਾਵੁਕ ਹੋ ਗਏ ਕਿ ਸਤਿਗੁਰੂ ਜੀ ਬਚਨ ਕੀਤਾ 'ਤੂੰ ਆਂਹਦਾ ਸੈਂ ਮੈਨੂੰ ਭੁੱਖ ਲੱਗੀ ਹੈ, ਚੱਲ ਇਸ਼ਨਾਨ ਕਰ ਤੇ ਛਕ ਪ੍ਰਸ਼ਾਦਾ, ਫਿਰ ਸਭ ਨੇ ਇਸ਼ਨਾਨ ਕਰ ਪ੍ਰਸ਼ਾਦਾ ਛਕਿਆ। ਸਤਿਗੁਰੂ ਜੀ ਹੁਕਮ ਕੀਤਾ, 'ਤੈਨੂੰ ਭੁਖਿਆਂ ਥੋੜੀ ਰੱਖਣਾ ਸੀ।'

ਭਾਵ ਪੂਰਨ ਮਾਹੌਲ ਚ ਹੋਰ ਵੀ ਬਚਨ ਹੋਏ। ਇਸੇ ਸਮੇਂ ਸੇਠ ਨਾਰਾਇਣ ਸਿੰਘ ਨਰੂਲਾ ਨੇ ਆ ਕੇ ਸਤਿਗੁਰੂ ਜੀ ਦੇ ਚਰਨ ਪਰਸੇ। ਫਿਰ ਸਤਿਗੁਰੂ ਜੀ ਦੀਵਾਨ ਹਾਲ ਚ ਇਕ ਸੋਫੇ ਤੇ ਬਿਰਾਜਮਾਨ ਹੋਏ, ਸੇਠ ਮਹਿੰਦਰ ਸਿੰਘ, ਸੇਠ ਨਰਾਇਣ ਸਿੰਘ ਨਰੂਲਾ ਦੇ ਸਾਰੇ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਬੱਚਿਆਂ ਨੂੰ ਕੋਲ ਬਿਠਾ ਕੇ ਨਾਮ-ਬਾਣੀ ਅਤੇ ਸਿੱਖੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਅੱਜ ਜਿੰਨ੍ਹਾਂ ਘਰਾਂ ਵਿੱਚ ਚਰਨ ਪਾਏ ਅਤੇ ਸਰੀਰਾਂ ਨੂੰ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਵੇਰਵਾ ਇਸ ਪ੍ਰਕਾਰ ਹੈ-

ਸਭ ਤੋਂ ਪਹਿਲਾਂ ਸ. ਮੋਹਨ ਸਿੰਘ ਚੰਗਮਈ ਵਾਲਿਆਂ ਦੇ ਹੋਟਲ ਵਿਖੇ ਕਿਰਪਾ ਕੀਤੀ। ਸੇਠ ਪ੍ਰਿਤਪਾਲ ਸਿੰਘ, ਉੱਤਮ ਸਿੰਘ, ਸ. ਸਤਪਾਲ ਸਿੰਘ ਅਜਾਦ ਦੇ ਨਵੇਂ ਬਣੇ ਗ੍ਰਹਿ, ਸ. ਅਜੀਤ ਸਿੰਘ ਦੇਹਰਾਦੂਨ, ਸੇਠ ਸਰਨਪਾਲ ਸਿੰਘ ਅਤੇ ਬੀਬੀ ਰਵੀ ਕੁਕਰੇਜਾ ਦੇ ਘਰ ਚਰਨ ਪਾਏ। ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਬੈਂਕੋਕ ਦੀ ਇਕ ਅਸਮਾਨ ਛੋਂਹਦੀ ਇਮਾਰਤ ਤੇ ਬਨੇ ਸਕਾਈ ਵਾਕ Mahanikhon SKG Walk ਜੋ ਕਿ ਸਮੁੰਦਰ ਦੇ ਲੇਵਲ ਤੋਂ ਕਰੀਬ 1000 ਫੁੱਟ ਉੱਚਾਈ ਤੇ ਹੈ, ਜਾ ਕੇ ਬੈਂਕੋਕ ਸ਼ਹਿਰ ਨੂੰ ਨਿਹਾਰਿਆ। ਇਸ ਇਮਾਰਤ ਦੇ ਸਿਖਰ ਤੇ ਬਾਹਰ ਨੂੰ ਨਿਕਲਿਆ ਛੱਜਾ ਬੜੇ ਮੋਟੇ ਤੇ ਪਾਰਦਰਸ਼ੀ ਸ਼ੀਸ਼ੇ ਦਾ ਬਣਿਆ ਹੈ। ਇਸ ਤੇ ਤੁਰਨ ਵਾਲਾ ਥੱਲੇ ਧਰਤੀ ਤੱਕ ਵੇਖ ਸਕਦਾ ਹੈ ਇਨੀ ਉਚਾਈ ਤੇ ਪਾਰਦਰਸ਼ੀ ਸ਼ੀਸ਼ੇ ਤੇ ਤੁਰਨਾ ਇਕ ਵਿਲੱਖਣ ਅਨੁਭਵ ਹੈ।

ਸ਼ਾਮ ਦਾ ਨਾਮ ਸਿਮਰਨ ਗੁਰਦੁਆਰਾ ਸੋਇ ਅਸੋਕ ਵਿਖੇ ਹੋਇਆ, ਉਪਰੰਤ ਹਜੂਰੀ ਰਾਗੀਆਂ ਕੀਰਤਨ ਕੀਤਾ ਫਿਰ ਸਤਿਗੁਰੂ ਜੀ ਨੇ ਉਪਦੇਸ਼ ਦੇ ਕੇ ਸੰਗਤ ਨੂੰ ਨਿਹਾਲ ਕੀਤਾ।

ਮਿਤੀ 7 ਅਗਸਤ- ਅੱਜ ਸਤਿਗੁਰੂ ਜੀ ਨੇ ਸਵੇਰੇ ਕ੍ਰੀਬ ਸਾਢੇ ਤਿੰਨ ਵਜੇ ਸੰਤ ਜਸਬੀਰ ਸਿੰਘ, ਗਜਬੀਰ ਸਿੰਘ ਸੇਠੀ ਦੇ ਨਵੇਂ ਘਰ ਚਰਨ ਪਾ ਕੇ ਰਾਗੀ ਜਸਪਾਲ ਸਿੰਘ ਦੇ ਘਰ ਆਸਾ ਦੀ ਵਾਰ ਵਿਚ ਦਰਸ਼ਨ ਦਿੱਤੇ। ਉਪਰੰਤ ਪ੍ਰਸ਼ਾਦ ਪਾਣੀ ਛਕਿਆ। ਜਸਪਾਲ ਸਿੰਘ ਦੇ ਪੁੱਤਰ ਜੈ ਸਿੰਘ ਨੂੰ ਵਿਸ਼ੇਸ਼ ਪਿਆਰ ਦਿੱਤਾ ਅਤੇ ਸਿੱਖੀ 'ਤੇ ਕੇਸਾਂ ਦੀ ਸਾਂਭ ਦੇ ਉਪਦੇਸ਼ ਦਿੱਤੇ।

ਦਿਨ ਵੇਲੇ ਆਪ ਜੀ ਡੇਰੇ ਹੀ ਰਹੇ ਬੈਂਕੋਕ ਦੀ ਸਥਾਨਕ ਸੰਗਤ ਡੇਰੇ ਤੇ ਆ ਕੇ ਆਪ ਜੀ ਦੇ ਚਰਨਾਂ ਵਿੱਚ ਅਰਜ਼ਾਂ ਬੇਨਤੀਆਂ ਕਰਦੀ ਰਹੀ। 4 ਤੋਂ 5 ਸ਼ਾਮ ਨਾਮ ਸਿਮਰਨ ਡੇਰਾ ਪਾਕਾਮਾਸ ਵਿਖੇ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਸੁਣ ਸੰਗਤ ਨਿਹਾਲ ਹੋਈ। ਉਪਰੰਤ ਸੇਠ ਤਰਲੋਕ ਸਿੰਘ ਦੇ ਸਪੁੱਤਰ ਧਰਮ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਸਾਧ ਸੰਗਤ ਨੂੰ ਯਾਦ ਕਰਵਾ ਕੇ ਦੱਸਿਆ ਕੇ ਹਾਜਰਾ ਹਜ਼ੂਰ ਸਤਿਗੁਰੂ ਜੀ ਹੁਣ ਫਿਰ ਸਾਡੇ ਤੇ ਉਸੇ ਤਰ੍ਹਾਂ ਕਿਰਪਾ ਕਰ ਰਹੇ ਹਨ। ਅਸੀਂ ਸਿੱਖੀ ਨਾਲ ਜੁੜ ਕੇ, ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜ ਕੇ ਆਪਣਾ ਜਨਮ ਸਵਾਰ ਲਈਏ। ਇਸ ਤੋਂ ਬਾਅਦ ਰਾਗੀਆਂ ਦੁਆਰਾ ਕੀਰਤਨ ਹੋਇਆ।

ਸਤਿਗੁਰੂ ਜੀ ਦੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਘਰੋਂ ਗੱਡੀਆਂ ਏਅਰ ਪੋਰਟ ਲਈ ਰਵਾਨਾ ਹੋ ਗਈਆਂ ਅਤੇ ਸਤਿਗੁਰੂ ਜੀ ਰਾਤ 9:20 ਦੀ TG325 ਦੀ ਉਡਾਨ ਰਾਹੀਂ ਬੰਗਲੋਰ ਵੱਲ ਨੂੰ ਰਵਾਨਾ ਹੋ ਗਏ।

-ਹਰਪਾਲ ਸਿੰਘ ਸੋਧੀ, ਦਿੱਲੀ

Sri Satguru Uday Singh Ji's UK Dhaura August 2019

Wednesday 21st August - Sri Satguru Partap Singh Ji Jyoti Jyot

IMPORTANCE OF NAAM

Sri Satguru Ji and Mata Ji arrived at Manchester airport where they were welcomed by both Suba Amreshawar Singh Ji and Suba Manjit Singh Ji. S Sulakhan Singh Ji, Pardhan Kuldip Singh Ubhi Ji, General Secretary Dr Gurmukh Singh Raja and S Sarwan Singh Toor Ji along with Leeds Sangat.

The journey began to Leeds, arriving at S Sucha Singh Ji's residence where the family had prepared Langar. During the various Charan visits, one particular home will always be special. An unwell Sikh with poor mobility had travelled all the way from London to Leeds to have Sri Satguru Ji's Darshan. After discussing his health and bond with Sikhi, he repeatedly said how he was reciting Paath daily but wasn't really feeling any change. After various small discussions with the sangat present, Sri Satguru Ji spoke and the atmosphere within the room was immediately elevated and transformed. The way Sri Satguru Ji explained the actual purpose of Gurbani Paath, and what it's asking us to do (recite Naam) was absolutely beautiful. Everyone present were left in awe. Sri Satguru Ji went on and asked Sikh to refrain from eating meat, blessed him with Naam and gifted him a copy of the Discourses book. This was truly a wonderful connection between Guru and Sikh.

After a walk in Roundhay Park, the evening Diwan was held at the Namdhari Sikh Gurdwara Leeds. This was in honour and remembrance of Sri Satguru Partap Singh Ji, Panj Padhro Diwas.

It was led by Hazoori Ragi's Balwant Singh Ji, Harpreet Singh Sonu Ji, Kirpal Singh Panesar Ji, Gurdit Singh Panesar Ji and Gursharan Singh Surdhar Ji. They were joined by Pyara Singh Grewal (Canada).

Sri Satguru Ji retired for the evening in Leicester at S Sarwan Singh Toor Ji's residence.

Thursday 22nd August - Sri Satguru Jagjit Singh Ji's Gurgadi Diwas

Asa Di Vaar Kirtan commenced at 4am, by the Hazoori Ragis at the Namdhari Sikh Gurdwara Leicester. After the Vaar, Jathedar Gurlal Singh Ji gave a lovely katha on Sri Satguru Jagjit Singh Ji's Jeevan and Gurgadi Diwas. Sri Satguru Ji urged sangat members to share their experiences with Sri Satguru Jagjit Singh Ji and how they had influenced their lives and Sikhi.

The Leicester committee arranged a trip to Heights of Abraham. *Sri Satguru Ji and Mata ji* blessed the Sangat with Their Darshan after a cable car ride, with over a 100 sangat members waiting on the other side. The sangat enjoyed the views of the Peak District and a tour of the 17th Century lead mining caverns. Both Sri Satguru Ji and Mata Ji said it was "beautiful!"

Evening Diwan commenced at 6pm at Namdhari Sikh Gurdwara Leicester. Resham Singh Sandhu, representing as The Queens High Sheriff had been very fond of Sri Satguru Ji and made a special effort to attend to receive Their Darshan.

Friday 23rd August - JAGJIT ARTS & CLASSICAL SANGEET

After Asa Di Vaar , Sri Satguru Ji blessed several families and their homes.

The Leicester sangat have been holding Sangeet classes led by the Jagjit Arts team. Raagi Kirpal Singh Panesar has been teaching students Esraj and Dilruba with Upneet Singh Dhadyalla (son of Ustad Dharambir Singh Ji) teaching Tabla. These students performed in a baithak gaining Sri Satguru Ji's blessings.

Amongst the students were Dr Sarbjit K Raja, Kiran K Toor, Gyan K Raja, Sant K Flora, Simran K Flora, Mahaveer S Toor, Manroop S Toor and Jai S Raja. Gagan-veer S and Juskaran S Sagoo also sang a shabad.

The same baithak concept was held in Birmingham for their youth, including students of Ustad Dharambir Singh Ji on Sitar and more students of Kirpal Singh Panesar on Esraj and Dilruba. The evening was host to a very special event. Director S Taranjiet Singh Ji had joined us for the official UK launch of 'Sangeet Saroop Satgur' documentary. The chosen venue by the Jagjit Arts team had a capacity for over 300 guests.

After a press conference, Sri Satguru Ji joined the Sangat in the auditorium. For many, there were tears of emotion with cherished memories rekindled. And for others this was a detailed insight, paying homage to how Sri Satguru Jagjit Singh Ji played a pivotal role impacting so many of the now revered Indian classical musicians from all over the world. Kudos to S Taranjiet S Ji and many others for helping to create such an epic film. The supporting team and artists present were honoured with a plaque from Sri Satguru Ji. They included Ustad Gurdev Singh Ji, Ustad Harjinderpal Singh Ji, Ustad Kiranpal Singh Ji, Talvin Singh, P Sanju Sahai Ji and many more.

Saturday 24th August - Sri Satguru Hari Singh Ji's 200th Prakash.

FOCUS ON THE ENVIRONMENT- This mornings Asa Di Vaar was led by the U.K. youth. Pawan Kaur Ubhi, Maan Kaur Hanspal, Jyoti Kaur Chana, Sarabjeet Kaur Chana, S Satwinder Singh Bhogal and Kirpal Singh Panesar led the original project which was first presented in Birmingham a couple of years ago and then in Vancouver last year. Onto learning their third quarter, the youth prepared new shabads and continued to fine tune what they had learnt over the last two years.

Traditional Vaara was sung by each Gurdwara youth jatha, with each one singing their 6 stanzas/chakkay.

After the Vaar, Ravneet Kaur Sehra sang a shabad accompanied by Sarabjeet Singh Dogra on tabla.

Today, the U.K. Sangat marked the launch of P200 commemorating Sri Satguru Hari Singh Ji's 200th Prakash. The year long project started with tree planting whereby the long term goal would be to plant a total of 200 trees throughout the year. Assistance from S Gurpreet Bhatia Ji along with the local Sandwell Park officials, 2 birch trees were planted by Sri Satguru Ji and Mata Ji along with an Ardas.

Focusing on the environment, the sewa teams have introduced eco friendly plates. Ideally, wanting to reduce plastic and waste at all our Gurdwaras. These were well received by the sangat and we also had less jhoot waste, maintaining respect for Langar.

After leaving Birmingham for East London, the evening Diwan commenced with the local youth welcoming Sri Satguru Ji with a geet taught by Bibi Sarabjeet Kaur Chana. This was followed by Hazoori Ragis performing Kirtan.

Sunday 25th August

Anand Karaj, Namdhari Sports Day and P550 presentations - Sri Satguru Nanak Dev Ji

The day began with Asa Di Vaar and Anand Karaj of two couples- Hakam Singh Bhullar with Gurnam Kaur and Jayraj Singh Chana with Ravinder Kaur.

Sri Satguru Ji blessed several homes with their Darshan, one particular family overwhelmed the sangat with an amazing display of desserts- 'Bakes by Jas' made by Jaswant Kaur Babra.

Tanvir Singh Rayet along with a team of sewadaars helped organise a fantastic Namdhari sports day at the University of East London. Here, all the sangat enjoyed a wide array of sports and use of facilities. Badminton, basketball, table tennis and a 5 aside football tournament to name a few.

The Namdhari Sikh Sangat UK organised a national meeting in the presence of Sri Satguru Ji where all the local Gurdwara sewa teams along with Food4all and 'Mind over matter' could all present their updates and gain Sri Satguru Ji's advice and blessings for future projects.

S Gurdev Singh Virdee had been working hard along with his team at each local Gurdwara. He helped the youth learn about Sri Satguru Nanak Dev Ji, commemorating the 550th Prakash Purb this year. Youth representatives from each Gurdwara also gave a presentation.

Sarabjeet Kaur Chana- Neeru Ji, along with her senior students sang a beautiful shabad in Sri Raag followed by the Hazoori ragi's.

Monday 26th August

Asa Di Vaar concluded at 6am, followed by a Dilruba recital by Jawandh Singh accompanied by Pyara Singh Grewal (Vancouver).

Dera was at Sukhvinder Singh Chana Ji's residence. Sri Satguru Ji blessed the family with khushiyan and then proceeded to S Charanjeev Singh Chana Ji's residence. Later in the afternoon, Sri Satguru Ji departed for Birmingham and arrived at

Gurdev K Sehra's Osteopathic clinic. They blessed her clinic along with her family who were all waiting for Darshan.

Within the Diwan, Paath dhe Bhog were held in memory of S Kulwant Singh Ubhi and S Satwant Singh Bhullar with one for Anisha K Vilkhu's birthday.

Kaka Jai Singh Raja was extremely fortunate as Sri Satguru Ji blessed him with his Dastaar. S Sulakhan Singh Ji was asked to give him Naam.

Ustad Gurdeep S Dharni Ji gave a short performance on Sitar accompanied by S Harpreet S Sonu.

Tuesday 27th August DARSHAN

An unwell Sikh in Ireland had requested Sri Satguru Ji's Darshan. This morning Sri Satguru Ji along with Mata Ji, left the Namdhari Sikh Gurdwara Birmingham for the airport and arrived in Shannon, Ireland at 10am. Greeted by the Mayor, S Paramjit Singh Neote Ji and a few of Ireland's Sangat members welcomed Sri Satguru Ji. It had been exactly 3 years to the day since Sri Satguru Ji were last here.

Bibi Harmeet K Ji had been unwell for a while and Sri Satguru Ji chose to visit her immediately. After spending time with her and her family, Bibi Ji managed to sit up and ask for Bakshish. Bibi Ji sadly passed away a week later.

J Gurlal Singh Ji had spent several hours in Ireland teaching the youth Diwan, Kirtan and Gurbani.

They lined up outside the Dera and sang a geet welcoming Sri Satguru Ji, each presenting a flower.

An informal youth discussion proceeded followed by Charan home visits. S Gurmukh Singh Neote Ji was blessed with the opportunity to show Sri Satguru Ji his new business centre. The evening Diwan was completely led by the youth. Sri Satguru Ji blessed an emotional J Gurlal Singh Ji with a Saropa and khushiyan. They encouraged him to continue teaching all the UK and Ireland youth.

Wednesday 28th August

Again the youth led the morning and performed the whole Asa Di Vaar in traditional Vaara style.

Sri Satguru Ji, Mata ji and S Gurmukh Singh Roopra Ji left for Dublin, later joined by S Sulakhan Singh Ji, P Kuldip Singh ji, Sewak Assa Singh Ji, Dr Gurmukh Singh Ji, and S Gursharan Singh Surdhar Ji.

The local sangat took them to Powerscourt Waterfall, a beautiful setting with the sun shining. Sri Satguru Ji arrived and walked up to the waterfall, They climbed up the rocks leaving the sangat admiring Them from afar.

They left Dublin and arrived at London Heathrow later in the afternoon greeted by Suba Kuldeep Singh Chana, P Jagjit Singh Chana and Southall Sangat members.

The Diwan was held at SKLPC hall. Krishan Singh Saggu began with a short presentation, followed by some children from a local Sikh school singing a shabad taught by Jyoti K Chana Ji.

Rev Dr David Parry spoke succinctly about his understanding of Sikhism and how he relates to the core values of Sikhi which was really appreciated by Sri Satguru Ji.

Thursday 29th August

Hazoori Ragi Harbans Singh Ji Ghulla joined the Dhaura and Vaar this morning. Certain youth in Southall were asked by Sri Satguru Ji to perform a shabad after the Vaar. The morning programme was concluded with a kavita recited by S Baldeep Singh Chana Ji from Maidenhead.

The evening programme began with another informal youth discussion. Ajaypal Singh Ji from Sri Bhaini Sahib wowed the Sangat with a tabla solo accompanied by Rattan Singh (Canada) providing lehra on Dilruba. After kindly blessing the sangat with Their pavitar bachan, Sri Satguru Ji proceeded to announce S Sulakhan Singh Ji to be referred to as Suba Ji. Other changes included S Gunwinder Singh Hanspal Ji to lead with sewa of Pardhan in Leicester, and S Sukhdeep Singh Chana Ji as Pardhan of East London along with S Harminder Singh Reehal Ji as Treasurer. We would like to take this opportunity to thank S Gurdial Singh Flora Ji (Leicester), S Darshan Singh Jheeta Ji (East London) and S Satnam Singh Reehal Ji (East London) for all their dedicated Sewa.

Sri Satguru retired back to the Dera at Bibi Tajinder K Jis residence. Here, Rani Kaur, a BBC reporter was waiting to do an interview with Sri Satguru Ji. This was a lovely evening with Sri Satguru Ji sharing Their thoughts on Sikh philosophy. The interview concluded at midnight.

Friday 30th August

Sri Satguru Ji and Mata ji arrived at London Heathrow to leave for India at 430am.

Sri Satguru Ji reminded us constantly throughout the Dhaura about being a good person, our humanitarian values, waking before sunrise and completing at least 1 hour of Naam Simran.The following Gurbani Tukh was mentioned several times and we hope Sri Satguru Ji will bless us with the ability to follow this accordingly.

Dr. Gurmukh S. Raja
NSSUK General Secretary
07961436069

ਆਯੁਰਵੇਦ ਅਨੁਸਾਰ ਸਿਹਤਮੰਦ ਰਹਿਣ ਦੇ ਉਪਾਅ

ਆਯੁਰਵੇਦ, ਜਿਵੇਂ ਕਿ ਨਾਮ ਹੀ ਸਪੱਸ਼ਟ ਕਰਦਾ ਹੈ ਉਹ ਵੇਦ ਜਾਂ ਉਹ ਗਿਆਨ ਪ੍ਰਣਾਲੀ ਹੈ ਜੋ ਕਿ ਆਯੂ ਬਾਰੇ, ਜੀਵਨ ਬਾਰੇ ਦੱਸਦੀ ਹੈ। ਆਯੁਰਵੇਦ ਕੇਵਲ ਇੱਕ ਚਿਕਿਤਸਾ ਪ੍ਰਣਾਲੀ ਨਾ ਹੋ ਕੇ ਇੱਕ ਸੰਪੂਰਨ ਵਿੱਦਿਆ ਹੈ ਜੋ ਨਿਰੋਗ ਅਤੇ ਲੰਬਾ ਜੀਵਨ ਜਿਊਣ ਲਈ ਜੀਵਨ ਜਾਚ ਦੱਸਦੀ ਹੈ।

ਆਯੁਰਵੇਦ ਦੇ ਮੂਲ ਰੂਪ ਵਿੱਚ ਦੋ ਸਿਧਾਂਤ ਦੱਸੇ ਗਏ ਹਨ:

स्वस्थ्य स्वास्थ रक्षणम्, आतुरस्य विकार प्रशमन्।

ਅਰਥਾਤ ਜੋ ਵੀ ਵਿਅਕਤੀ ਸਿਹਤਮੰਦ ਹੈ, ਨਿਰੋਗ ਹੈ ਉਹ ਕਿਵੇਂ ਨਿਰੋਗ ਰਹਿ ਸਕਦਾ ਹੈ, ਕਿਸ ਪ੍ਰਕਾਰ ਦਾ ਆਚਰਣ ਕਰੇ ਤਾਂ ਕਿ ਉਸਦੀ ਸਿਹਤ ਚੰਗੀ ਰਹੇ, ਉਹ ਸਿਹਤ ਮੰਦ ਬਣਿਆ ਰਹਿ ਸਕੇ। ਆਯੁਰਵੇਦ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਕਿ ਰੋਗ ਦੀ ਗੱਲ ਕਰਨ ਤੋਂ ਪਹਿਲਾਂ ਸਿਹਤ ਦੀ ਗੱਲ ਕਰਦੀ ਹੈ, ਕਿ ਜੇਕਰ ਮਨੁੱਖ ਆਪਣਾ ਆਚਰਣ, ਆਹਾਰ- ਵਿਹਾਰ ਸਹੀ ਰੱਖੇ ਤਾਂ ਉਹ ਸਿਹਤਮੰਦ ਰਹਿ ਸਕਦਾ ਹੈ। ਪਰੰਤੂ ਜੇਕਰ ਕਿਸੇ ਕਾਰਨ ਮਨੁੱਖ ਬੀਮਾਰ ਹੋ ਵੀ ਜਾਂਦਾ ਹੈ ਤਾਂ ਫਿਰ ਕਿਵੇਂ ਉਸਦਾ ਉਪਚਾਰ / ਇਲਾਜ ਕਰਕੇ ਉਸਦੇ ਰੋਗ ਨੂੰ ਦੂਰ ਕੀਤਾ ਜਾ ਸਕਦਾ ਹੈ, ਇਹ ਹੈ ਆਯੁਰਵੇਦ ਦਾ ਦੂਸਰਾ ਸਿਧਾਂਤ।

दिनचर्या निशाचर्या ऋतुचर्या यशोदिताम् ।
आचरन् पुरुष: स्वस्थ: सदा तिष्ठति नान्यथा ।।

ਚਰਿਆ ਅਰਥਾਤ ਆਹਾਰ ਅਤੇ ਵਿਹਾਰ ਦੇ ਵਿਸ਼ੇਸ਼ ਨਿਯਮਾਂ ਦਾ ਪਾਲਣ ਕਰਨਾ ਜਿਵੇਂ ਕਿ ਦਿਨ-ਚਰਿਆ, ਰਾਤ੍ਰੀ-ਚਰਿਆ ਅਤੇ ਰਿਤੂ-ਚਰਿਆ। ਆਯੁਰਵੇਦ ਦੇ ਆਚਾਰੀਆਂ ਨੇ ਕਿਹਾ ਹੈ, ਇਹਨਾਂ ਦੇ ਅਨੁਕੂਲ ਆਹਾਰ-ਵਿਹਾਰ ਕਰਨ ਨਾਲ ਵਿਅਕਤੀ ਸਿਹਤਮੰਦ ਰਹਿ ਸਕਦਾ ਹੈ।

ਰਿਤੂ-ਚਰਿਆ ਦੀ ਗੱਲ ਕਰੀਏ ਤਾਂ ਆਯੁਰਵੇਦ ਅਨੁਸਾਰ ਪੂਰੇ ਸਾਲ ਦੇ 12 ਮਹੀਨਿਆਂ ਨੂੰ ਕੁੱਲ 6 ਰੁੱਤਾਂ ਵਿੱਚ ਵੰਡਿਆ ਗਿਆ ਹੈ। ਸੂਰਜ ਦੇ ਉੱਤਰ ਦਿਸ਼ਾ ਵੱਲ ਜਾਣ ਦੇ ਸਮੇਂ (ਉੱਤਰਾਯਨ) ਨੂੰ ਆਦਾਨ ਕਾਲ ਕਿਹਾ ਜਾਂਦਾ ਹੈ ਜਿਸ ਵਿੱਚ ਸ਼ਿਸ਼ਿਰ, ਬਸੰਤ ਅਤੇ ਗ੍ਰੀਸ਼ਮ ਰੁੱਤਾਂ ਆਉਂਦੀਆਂ ਹਨ। ਸੂਰਜ ਦੇ ਦੱਖਣ ਵੱਲ ਜਾਣ ਦੇ ਸਮੇਂ (ਦਕਸ਼ਾਯਨ) ਨੂੰ ਵਿਸਰਗ ਕਾਲ ਕਿਹਾ ਜਾਂਦਾ ਹੈ ਜਿਸ ਵਿੱਚ ਵਰਖਾ, ਸ਼ਰਦ ਅਤੇ ਹੇਮੰਤ ਰੁੱਤਾਂ ਆਉਂਦੀਆਂ ਹਨ।

ਇਹਨਾਂ 6 ਮੌਸਮਾਂ ਦੇ ਅਨੁਸਾਰ ਜੋ ਲੋਕ ਆਹਾਰ-ਵਿਹਾਰ ਕਰਦੇ ਹਨ ਉਹ ਸਿਹਤਮੰਦ ਰਹਿੰਦੇ ਹਨ।

	ਰਿਤੂ / ਰੁੱਤ	ਅੰਗਰੇਜ਼ੀ ਮਹੀਨੇ	ਦੇਸੀ ਮਹੀਨੇ
1	ਸ਼ਿਸ਼ਿਰ	ਮੱਧ ਜਨਵਰੀ ਤੋਂ ਮੱਧ ਮਾਰਚ	ਮਾਘ, ਫੱਗਣ
2	ਬਸੰਤ	ਮੱਧ ਮਾਰਚ ਤੋਂ ਮੱਧ ਮਈ	ਚੇਤ, ਵਿਸਾਖ
3	ਗ੍ਰੀਸ਼ਮ	ਮੱਧ ਮਈ ਤੋਂ ਮੱਧ ਜੁਲਾਈ	ਜੇਠ, ਹਾੜ੍ਹ
4	ਵਰਖਾ	ਮੱਧ ਜੁਲਾਈ ਤੋਂ ਮੱਧ ਸਤੰਬਰ	ਸਉਣ, ਭਾਦੋਂ
5	ਸ਼ਰਦ	ਮੱਧ ਸਤੰਬਰ ਤੋਂ ਮੱਧ ਨਵੰਬਰ	ਅੱਸੂ, ਕੱਤਕ
6	ਹੇਮੰਤ	ਮੱਧ ਨਵੰਬਰ ਤੋਂ ਮੱਧ ਜਨਵਰੀ	ਮੱਘਰ, ਪੋਹ

ਸ਼ਰਦ ਰਿਤੂ (ਅੱਸੂ, ਕੱਤਕ)

ਵਰਖਾ ਰੁੱਤ ਤੋਂ ਬਾਦ ਸ਼ਰਦ ਰੁੱਤ ਆਉਂਦੀ ਹੈ। ਵਰਖਾ ਰੁੱਤ ਵਿੱਚ ਕੁਦਰਤੀ ਤੌਰ ਤੇ ਘੱਟ ਹੋਏ ਪਿੱਤ ਦੋਸ਼ ਦਾ ਪ੍ਰਕੋਪ ਸ਼ਰਦ ਰਿਤੂ ਵਿੱਚ ਵੱਧ ਜਾਂਦਾ ਹੈ। ਇਸ ਰੁੱਤ ਵਿੱਚ ਪਿੱਤ ਦਾ ਆਮ ਸੁਭਾਉ ਜੋ ਕਿ ਪਾਚਨ ਹੈ, ਦੂਰ ਹੋ ਕੇ ਬੁਖਾਰ, ਦਸਤ, ਉਲਟੀਆਂ ਆਦਿ ਦਾ ਕਾਰਣ ਬਣ ਜਾਂਦਾ ਹੈ। ਆਯੁਰਵੇਦ ਵਿੱਚ ਸ਼ਰਦ ਰੁੱਤ ਨੂੰ ਰੋਗਾਂ ਦੀ ਮਾਂ ਕਿਹਾ ਗਿਆ ਹੈ। ਇਸ ਰੁੱਤ ਵਿੱਚ ਪਿੱਤ ਦੋਸ਼ ਤੇ ਲਵਣ ਰਸ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਸੂਰਜ ਦੀ ਗਰਮੀ ਵੀ ਵਿਸ਼ੇਸ਼ ਰੂਪ ਵਿੱਚ ਲੱਗਦੀ ਹੈ। ਇਸ ਲਈ ਪਿੱਤ ਦੋਸ਼, ਲਵਣ ਰਸ ਅਤੇ ਗਰਮੀ ਦਾ ਸ਼ਮਨ ਕਰਨ ਵਾਲੇ ਮਿੱਠੇ, ਤਿੱਖੇ ਅਤੇ ਕਸੈਲੇ ਰਸਾਂ ਦਾ ਉਪਯੋਗ ਕਰਨਾ ਚਾਹੀਦਾ ਹੈ। ਪਿੱਤ ਦੋਸ਼ ਨੂੰ ਵਧਾਉਣ ਵਾਲੀਆਂ ਖੱਟੀਆਂ ਅਤੇ ਨਮਕੀਨ ਵਸਤਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਵੈਸੇ ਤਾਂ ਹਰ ਰਿਤੂ (ਰੁੱਤ) ਵਿੱਚ ਸਾਰੇ 6 ਰਸਾਂ: ਮਧੁਰ (ਮਿੱਠਾ), ਅਮਲ (ਖੱਟਾ), ਲਵਣ (ਨਮਕੀਨ), ਕਟੂ (ਕੌੜਾ), ਤੀਕਸ਼ (ਤਿੱਖਾ) ਅਤੇ ਕਸ਼ਾਯ (ਕਸੈਲਾ) ਦਾ ਸੇਵਨ ਕਰਨਾ ਚਾਹੀਦਾ ਹੈ ਪਰ ਹਰ ਰੁੱਤ ਦਾ ਇੱਕ ਪ੍ਰਧਾਨ ਰਸ ਮੰਨਿਆ ਗਿਆ ਹੈ ਜਿਸਦਾ ਉਸ ਮੌਸਮ ਵਿਸ਼ੇਸ ਵਿੱਚ ਜ਼ਿਆਦਾ ਸੇਵਨ ਕਰਨਾ ਚਾਹੀਦਾ ਹੈ। ਘਿਉ ਅਤੇ ਦੁੱਧ ਪਿੱਤ ਦੇ ਮਾਰਕ ਹਨ, ਇਸ ਲਈ ਇਹਨਾਂ ਦਾ ਸੇਵਨ ਕਰਨਾ ਚਾਹੀਦਾ ਹੈ।

ਸ਼ਰਦ ਰਿਤੂ ਸਮੇਂ ਪੱਥ ਆਹਾਰ:

ਮਿੱਠੇ, ਹਲਕੇ (ਜਲਦੀ ਪਚ ਜਾਣ ਵਾਲੇ), ਠੰਡੇ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ।

ਅਨਾਜ: ਕਣਕ, ਜੌਂ, ਜਵਾਰ, ਚਾਵਲ, ਅਤੇ ਹਰ ਤਰਾਂ ਦੀਆਂ ਦਾਲਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਸਬਜ਼ੀਆਂ: ਗੋਭੀ, ਪਰਵਲ, ਫਲੀਆਂ, ਗਾਜਰ, ਮੱਕੀ, ਤੋਰੀ, ਚੌਲਾਈ, ਕੱਦੂ, ਪਾਲਕ ਖਾਧੇ ਜਾ ਸਕਦੇ ਹਨ।

ਫਲ: ਕੇਲੇ, ਅੰਜੀਰ, ਅਨਾਰ, ਅੰਗੂਰ, ਨਾਰੀਅਲ, ਪੱਕਾ ਪਪੀਤਾ, ਮੌਸਮੀ, ਨਿੰਬੂ ਲਏ ਜਾ ਸਕਦੇ ਹਨ।

ਮੇਵੇ: ਅਖਰੋਟ, ਖਜੂਰ, ਬਾਦਾਮ, ਪਿਸਤਾ।

- ਇਸ ਮੌਸਮ ਵਿੱਚ ਖੀਰ, ਰਬੜੀ ਆਦਿ ਠੰਡੀ ਕਰਕੇ ਖਾਣ ਨਾਲ ਅਰੋਗ ਰਹਿਣ ਵਿੱਚ ਫਾਇਦਾ ਮਿਲਦਾ ਹੈ।
- ਨਾਰੀਅਲ ਦੇ ਪਾਣੀ ਦਾ ਸੇਵਨ ਚੰਗਾ ਮੰਨਿਆ ਗਿਆ ਹੈ।
- ਘਿਓ ਪਿੱਤ ਦੋਸ਼ ਦਾ ਨਾਸ਼ਕ ਹੈ, ਇਸਦਾ ਸੰਤੁਲਿਤ ਮਾਤਰਾ ਵਿੱਚ ਸੇਵਨ ਕਰਨਾ ਚਾਹੀਦਾ ਹੈ।
- ਜ਼ਿਆਦਾ ਦੇਰ ਤੱਕ ਭੁੱਖੇ ਨਹੀਂ ਰਹਿਣਾ ਚਾਹੀਦਾ।
- ਧੁੱਪ ਵਿੱਚ ਜ਼ਿਆਦਾ ਨਹੀਂ ਰਹਿਣਾ ਚਾਹੀਦਾ।
- ਰਾਤ ਦੇ ਸਮੇਂ ਚੰਦਰਮਾ ਦੀ ਰੌਸ਼ਨੀ ਵਿੱਚ ਬੈਠਣ, ਘੁੰਮਣ ਜਾਂ ਸੌਣ ਨਾਲ ਸਿਹਤ ਚੰਗੀ ਰਹਿੰਦੀ ਹੈ।

ਸ਼ਰਦ ਰਿਤੂ ਸਮੇਂ ਅਪੱਥ ਅਹਾਰ:

ਖੱਟਾ ਦਹੀਂ, ਲੱਸੀ, ਤੇਲ, ਗਰਮ ਚੀਜ਼ਾਂ, ਖੱਟੀਆਂ ਚੀਜ਼ਾਂ ਦੀ ਵਰਤੋਂ ਘੱਟ ਕਰ ਦੇਣੀ ਚਾਹੀਦੀ ਹੈ।

ਬੈਂਗਣ, ਇਮਲੀ, ਪੁਦੀਨਾ, ਲਸਣ, ਮੇਥੀ, ਤਿਲ, ਮੂੰਗਫਲੀ, ਸਰ੍ਹੋਂ ਆਦਿ ਦਾ ਪ੍ਰਯੋਗ ਪਿੱਤਕਾਰਕ ਹੋਣ ਕਾਰਨ ਨਹੀਂ ਕਰਨਾ ਚਾਹੀਦਾ ਹੈ।

- ਦਿਨ ਦੇ ਸਮੇਂ ਨਹੀਂ ਸੌਣਾ ਚਾਹੀਦਾ।
- ਪੇਟ ਭਰ ਕੇ ਭੋਜਨ ਨਾ ਕੀਤਾ ਜਾਵੇ।
- ਲੋੜ ਅਨੁਸਾਰ ਥੋੜੇ ਸਮੇਂ ਬਾਅਦ ਕੁਝ ਖਾ ਲੈਣਾ ਚਾਹੀਦਾ ਹੈ।

ਪਿੱਤ ਪ੍ਰਕੋਪ ਲਈ ਵਿਰੇਚਨ ਕਰਨਾ ਹਿੱਤਕਾਰੀ ਹੈ ਜਿਸ ਲਈ ਹਰੀਤਕੀ (ਹਰੜਾਂ) ਉੱਤਮ ਦੱਸੀਆਂ ਗਈਆਂ ਹਨ।

ਡਾ. ਕਮਲਦੀਪ ਕੌਰ ਕੂਕਾ
BAMS, NDDY, PGDHHM, PGDMLS
ਆਯੂਰਵੈਦਿਕ ਮੈਡੀਕਲ ਅਫਸਰ, ਜ਼ਿਲ੍ਹਾ ਹਸਪਤਾਲ, ਫਰੀਦਕੋਟ (ਪੰਜਾਬ)
ਫੋਨ: +91-9501015625, ਈਮੇਲ: kamaldeepkaurkuka@gmail.com

ਸ੍ਰੀ ਸਤਿਗੁਰੂ ਜੀ ਦੇ ਨਿਊਯਾਰਕ(ਅਮਰੀਕਾ) ਦੌਰੇ ਸਮੇਂ ਦੀਆਂ ਝਲਕੀਆਂ- 4 ਤੋਂ 7 ਜੁਲਾਈ 2019



Sri Satguru Jagjit Singh Ji Elibrary NamdhariElibrary@gmail.com

Date of Publication: 9-10-2019,
Date of Posting: 10-11 Oct. 2019

RNI NO. 55658/93 Delhi Postal Regd. No. DL(W) 01/2055/18-20

ਸ੍ਰੀ ਸਤਿਗੁਰੂ ਜੀ, ਮਾਤਾ ਜੀ ਅਮਰੀਕਾ ਵਿਖੇ ਸਿੱਖਾਂ ਸੇਵਕਾਂ ਸਹਿਤ।

ਸ੍ਰੀ ਸਤਿਗੁਰੂ ਜੀ ਕਨੇਡਾ ਵਿਖੇ ਨੌਜਵਾਨਾਂ ਨਾਲ ਸੈਰ ਕਰਦੇ ਹੋਏ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com